ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ




VOL-13 ISSUE 2451 | 1 May, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਅਮਰੀਕਾ ਜਰਮਨੀ ਵਿਚ ਫੌਜਾਂ ਦੀ ਤਾਇਨਾਤੀ ਨੂੰ ਘਟਾਉਣ ਦੀ ਸੰਭਾਵਨਾ ਦੀ ਸਮੀਖਿਆ ਕਰ ਰਿਹਾ- ਟਰੰਪ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਸਹਿਯੋਗੀ ਜਰਮਨੀ ਨੂੰ ਚੇਤਾਵਨੀ ਦਿੰਦੇ ਹੋਏ ਸੰਕੇਤ ਦਿੱਤਾ ਕਿ ਉਹ ਉੱਥੇ ਤਾਇਨਾਤ ਅਮਰੀਕੀ ਫੌਜੀਆਂ ਦੀ ਗਿਣਤੀ ਘਟਾ ਸਕਦੇ ਹਨ। ਇਹ ਬਿਆਨ ਈਰਾਨ ਅਤੇ ਅਮਰੀਕਾ-ਇਜ਼ਰਾਈਲ ਯੁੱਧ ਨੂੰ ਲੈ ਕੇ ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਨਾਲ ਵਧ ਰਹੇ ਤਣਾਅ ਦੇ ਵਿਚਕਾਰ ਆਇਆ ਹੈ। ਮਰਜ਼ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਕਿਹਾ ਸੀ ਕਿ ਈਰਾਨੀ ਲੀਡਰਸ਼ਿਪ ਦੇ ਸਾਹਮਣੇ ਅਮਰੀਕਾ ''ਅਪਮਾਨਿਤ'' ਹੋ ਰਿਹਾ ਹੈ ਅਤੇ ਨਾਲ ਹੀ ਜੰਗ ਵਿਚ ਵਾਸ਼ਿੰਗਟਨ ਦੀ ਰਣਨੀਤੀ 'ਤੇ ਸਵਾਲ ਉਠਾਏ ਹਨ। ਇਸ ਤੋਂ ਬਾਅਦ ਟਰੰਪ ਨੇ ਸੋਸ਼ਲ ਮੀਡੀਆ 'ਤੇ ਐਲਾਨ ਕੀਤਾ ਕਿ ਅਮਰੀਕਾ ਜਰਮਨੀ ਵਿਚ ਫੌਜਾਂ ਦੀ ਤਾਇਨਾਤੀ ਨੂੰ ਘਟਾਉਣ ਦੀ ਸੰਭਾਵਨਾ ਦੀ ਸਮੀਖਿਆ ਕਰ ਰਿਹਾ ਹੈ ਅਤੇ ਜਲਦੀ ਹੀ ਫੈਸਲਾ ਲਵੇਗਾ।ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਘੱਟ ਅਮਰੀਕੀ ਰੱਖਿਆ ਖਰਚ ਦਾ ਹਵਾਲਾ ਦਿੰਦੇ ਹੋਏ ਜਰਮਨੀ ਤੋਂ ਫੌਜਾਂ ਦੀ ਕਟੌਤੀ ਦਾ ਐਲਾਨ ਕੀਤਾ ਸੀ। 2020 ਵਿਚ ਉਸਨੇ ਲਗਭਗ 34,500 ਤੋਂ 9,500 ਫੌਜੀਆਂ ਨੂੰ ਵਾਪਸ ਬੁਲਾਉਣ ਦਾ ਪ੍ਰਸਤਾਵ ਰੱਖਿਆ, ਪਰ ਇਹ ਯੋਜਨਾ ਅਮਲ ਵਿਚ ਨਹੀਂ ਆ ਸਕੀ। ਰਾਸ਼ਟਰਪਤੀ ਜੋਅ ਬਾਇਡਨ ਨੇ ਬਾਅਦ ਵਿਚ 2021 ਵਿਚ ਇਸ ਫੈਸਲੇ ਨੂੰ ਉਲਟਾ ਦਿੱਤਾ। ਜਰਮਨੀ ਵਿਚ ਕਈ ਮੁੱਖ ਅਮਰੀਕੀ ਫੌਜੀ ਅੱਡੇ ਹਨ, ਜਿਨ੍ਹਾਂ ਵਿਚ ਯੂਰਪੀਅਨ ਅਤੇ ਅਫਰੀਕੀ ਕਮਾਂਡ ਹੈੱਡਕੁਆਰਟਰ, ਰਾਮਸਟਾਈਨ ਏਅਰ ਬੇਸ



ਅਤੇ ਇੱਕ ਖੇਤਰੀ ਮੈਡੀਕਲ ਸੈਂਟਰ ਸ਼ਾਮਲ ਹਨ। ਮਰਜ਼ ਨੇ ਕਿਹਾ ਕਿ ਉਨ੍ਹਾਂ ਦੇ ਟਰੰਪ ਨਾਲ ਚੰਗੇ ਸਬੰਧ ਹਨ, ਪਰ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਈਰਾਨ ਯੁੱਧ ਬਾਰੇ ਇਤਰਾਜ਼ ਸੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਹ ਟਕਰਾਅ ਵਿਸ਼ਵ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਖਾਸ ਕਰਕੇ ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ, ਜਿਸ ਵਿਚੋਂ ਦੁਨੀਆਂ ਦਾ ਲਗਭਗ 20 ਪ੍ਰਤੀਸ਼ਤ ਤੇਲ ਲੰਘਦਾ ਹੈ। ਟਰੰਪ ਨੇ ਮੰਗਲਵਾਰ ਨੂੰ ਸੋਸ਼ਲ ਮੀਡੀਆ 'ਤੇ ਲਿਖਿਆ, ''ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਸੋਚਦੇ ਹਨ ਕਿ ਈਰਾਨ ਕੋਲ ਪ੍ਰਮਾਣੂ ਹਥਿਆਰ ਹੋਣਾ ਠੀਕ ਹੈ। ਉਹ ਨਹੀਂ ਜਾਣਦੇ ਕਿ ਉਹ ਕਿਸ ਬਾਰੇ ਗੱਲ ਕਰ ਰਹੇ ਹਨ।'' ਟਰੰਪ ਨੇ ਕਿਹਾ ਕਿ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ''ਜਰਮਨੀ ਆਰਥਿਕ ਤੌਰ 'ਤੇ ਅਤੇ ਹੋਰ ਮਾਮਲਿਆਂ ਵਿਚ ਇੰਨਾ ਮਾੜਾ ਪ੍ਰਦਰਸ਼ਨ ਕਰ ਰਿਹਾ ਹੈ।''

# 'ਆਪ' ਦੇ 94 'ਚੋਂ ਸਿਰਫ਼ 65 ਵਿਧਾਇਕ ਹੀ ਜਲੰਧਰ ਮੀਟਿੰਗ 'ਚ ਪਹੁੰਚੇ


ਜਲੰਧਰ
ਸਾਂਝੀ ਸੋਚ ਬਿਊਰੋ

7 ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਚੱਲ ਰਹੀਆਂ ਚਰਚਾਵਾਂ ਅਤੇ ਸਿਆਸੀ ਹਲਚਲ ਦੇ ਵਿਚਕਾਰ ਆਮ ਆਦਮੀ ਪਾਰਟੀ ਨੇ ਬੁੱਧਵਾਰ ਨੂੰ ਜਲੰਧਰ ਦੀ ਇਕ ਨਿੱਜੀ ਯੂਨੀਵਰਸਿਟੀ ਵਿਚ ਆਪਣੇ ਵਿਧਾਇਕਾਂ ਦਾ ਸ਼ਕਤੀ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਪਾਰਟੀ ਵੱਲੋਂ ਸਾਰੇ 94 ਵਿਧਾਇਕਾਂ ਨੂੰ ਸੁਨੇਹੇ ਭੇਜੇ ਜਾਣ ਦੇ ਬਾਵਜੂਦ ਸਿਰਫ਼ 65 ਵਿਧਾਇਕ ਹੀ ਇਸ ਮੀਟਿੰਗ ਵਿਚ ਸ਼ਾਮਲ ਹੋਏ। ਮੀਟਿੰਗ ਵਿਚੋਂ ਕਈ ਪ੍ਰਮੁੱਖ ਚਿਹਰੇ ਗੈਰ-ਹਾਜ਼ਰ ਰਹੇ, ਜਿਨ੍ਹਾਂ ਵਿਚ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੰਜੀਵ ਅਰੋੜਾ ਸ਼ਾਮਲ ਹਨ। ਲੋਕ ਸਭਾ ਦੇ ਤਿੰਨ ਸੰਸਦ ਮੈਂਬਰਾਂ ਵਿਚੋਂ ਸਿਰਫ਼ ਰਾਜ ਕੁਮਾਰ ਚੱਬੇਵਾਲ ਹੀ ਪਹੁੰਚੇ, ਜਦੋਂ ਕਿ ਮਲਵਿੰਦਰ ਸਿੰਘ ਕੰਗ ਅਤੇ ਗੁਰਮੀਤ ਸਿੰਘ ਮੀਤ ਹੇਅਰ ਨੇ ਇਸ ਮੀਟਿੰਗ ਤੋਂ ਦੂਰੀ ਬਣਾਈ ਰੱਖੀ।ਇਸ ਦਰਮਿਆਨ ਮੁੱਖ ਮੰਤਰੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਵਰਕਰਾਂ ਅਤੇ ਵਿਧਾਇਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ''ਬੀਤੀਆਂ ਗੱਲਾਂ ਨੂੰ ਭੁਲਾ ਕੇ'' ਅੱਗੇ ਵਧਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ''ਸਮਾਂ ਸਾਡੀ ਪ੍ਰੀਖਿਆ ਲੈਂਦਾ ਰਹਿੰਦਾ ਹੈ ਪਰ ਅਸੀਂ ਪੰਜਾਬੀ ਹਾਂ ਅਤੇ ਆਪਣੀ ਜ਼ਮੀਨ 'ਤੇ ਡਟੇ ਹੋਏ ਹਾਂ''। ਮੀਟਿੰਗ ਦਾ ਮੁੱਖ ਮਕਸਦ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਕੇਡਰ ਨੂੰ ਮਜ਼ਬੂਤ ਕਰਨਾ ਸੀ।



ਇਸ ਦੌਰਾਨ ਨਿਰੀਖਕਾਂ ਨੂੰ 'ਆਪ' ਦੀ ਪਿੰਡ ਤੇ ਵਾਰਡ ਮਿਲਣੀ'' ਨਾਮਕ ਕਿਤਾਬਚੇ ਦਿੱਤੇ ਗਏ, ਤਾਂ ਜੋ ਹਰੇਕ ਪਿੰਡ ਅਤੇ ਵਾਰਡ ਵਿਚ ਸਰਗਰਮ ਵਰਕਰਾਂ ਦੀ ਪਛਾਣ ਕੀਤੀ ਜਾ ਸਕੇ। ਇਸ ਦੌਰਾਨ ਵਿਧਾਇਕਾਂ ਅਤੇ ਵਰਕਰਾਂ ਨੇ ਰੱਸਾਕਸ਼ੀ ਵਰਗੀਆਂ ਖੇਡਾਂ ਵਿਚ ਵੀ ਹਿੱਸਾ ਲਿਆ। ਸੀਨੀਅਰ ਆਗੂਆਂ ਨੇ ਇਸ ਨੂੰ ਇੱਕ 'ਰੁਟੀਨ' ਮੀਟਿੰਗ ਦੱਸਦਿਆਂ ਰਾਜ ਸਭਾ ਮੈਂਬਰਾਂ ਦੇ ਪਾਰਟੀ ਛੱਡਣ ਦੇ ਪ੍ਰਭਾਵ ਨੂੰ ਨਕਾਰ ਦਿੱਤਾ ਹੈ।






Space availabe for Ad
Contact #
+1 (209) 303-1260







Space availabe for Ad
Contact #
+1 (209) 303-1260






# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**




Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.

# LENDINGASSETS

Elevating Your Mortgage Experience



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**



ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।





ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ



Contact Number

**+1 (209) 537-5702**

ਸਾਂਝੀ ਸੋਚ
SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER


2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਮਜ਼ਦੂਰ ਦਿਵਸ 'ਤੇ ਵਿਸ਼ੇਸ਼



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
jagdishchohka@gmail.com

ਪਹਿਲੀ ਮਈ ! ਇਨਕਲਾਬੀ ਸੰਕਲਪ ਦੇ,
ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ !
ਕਿਰਤੀ-ਵਰਗ ਅਮਨ ਚਾਹੁੰਦਾ ਹੈ, ਜੰਗ ! ਨਹੀਂ?

ਪਹਿਲੀ ਮਈ ਮਜ਼ਦੂਰ-ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇ-ਗੰਢਾਂ ਦੇ ਰਿਲੇਵੇਂ ਨਾਲ ਜੁੜਿਆ ਹੋਇਆ ਹੈ ! ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ-1886 ਨਾਲ ਹੈ ਜਦੋਂ ਅਮਰੀਕਾ ਦੇ ਕਿਰਤੀਆਂ ਨੇ 8-ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਇਹ ਸਿਖਰ ਸੀ ਜਦੋਂ ਉਸ ਵੇਲੇ ਦੇ ਪੂੰਜੀਪਤੀ-ਮਾਲਕਾਂ ਅਤੇ ਰਾਜਸਤਾ 'ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜ਼ਾਬਰ ਪੁਲਿਸ ਨੇ ਗੋਲੀਆ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ 'ਤੇ ਕਿਰਤੀਆਂ ਨਾਲ ਇਕਮੁਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇ-ਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ -ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆਂ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, 'ਸਦਾ ਹੀ ਕਿਰਤੀਆਂ ਦੇ ਸਮਾਜਕ-ਆਰਥਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ 'ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।

ਮਨੁੱਖੀ ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ। ਆਦਿ ਤੋਂ ਹੀ ਉਜ਼ਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀਂ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀ ਸਾਹਮਣੇ ਵੀ ਆਉਂਦਾ ਹੈ। ਪਰ ਪਹਿਲੀ ਵਾਰ ਅਮਰੀਕਾ ਅੰਦਰ, 'ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) 'ਤੇ ਜ਼ਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋ, 'ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਤੇ ਕਾਇਮ ਰੱਖਣ ਲਈ ਇਹ ਇਕ ਆਪਣੀ ਵਰਗੀ-ਸੰਘਰਸ਼ ਦੇ ਰੂਪ ਵਿੱਚ ਅਜਿਹੀ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, 'ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਅਜਿਹੀ ਖਹਿ-ਬਾਜ਼ੀ ਦਾ ਉਤਪਨ ਹੋਣਾ ਵੀ ਇਕ ਹਾਂ ਪੱਖੀ ਲਾਜ਼ਮੀ ਤਬਦੀਲੀ ਸੀ, ਜਿਸ ਨੇ ਚਾਲਕ ਸ਼ਕਤੀ ਨੂੰ ਵੀ ਜਨਮ ਦਿੱਤਾ ?

ਇਹ ਗੁਣਾਂਤਮਕ ਤਬਦੀਲੀ ਹੀ ਅੱਗੋ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਤਾ ਦੇ ਨਿਆਂ ਅਧੀਨ ਸਮਾਜਕ, ਆਰਥਿਕ ਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਹੀ ਸਹਾਇਕ ਬਣੀ। ਜੋ ਆਰਥਿਕ ਗੁਲਾਮੀ ਵਿਰੁਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ ਜਿਸ ਨੇ ਵਰਗ ਸੰਘਰਸ਼ ਨੂੰ ਤੇਜ ਕੀਤਾ ਸੀ।

ਉਨ੍ਹੀਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜ਼ਗਾਰੀ ਦਾ ਕਾਰਨ ਹੀ ਨਹੀਂ ਸੀ ਸਗੋਂ ਹੋਰ ਕਾਰਨ ਵੀ ਸਨ। ਜਿਵੇਂ ਉਜਰਤਾਂ ਵਿੱਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜ਼ਗਾਰ ਦੀ ਅਸਥਿਰਤਾ 'ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆ ਦਾ ਹੋਣਾ ? ਉਸ ਸਮੇਂ ਨਾ ਤਾਂ ਸਮਾਜਵਾਦੀ ਲਹਿਰ ਏਨੀ ਤਕੜੀ ਸੀ, ਨਾ ਹੀ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਜੱਥੇਬੰਦਕ ਤੌਰ 'ਤੇ ਹੀ ਇਕ ਜਾਨ ਲਹਿਰ ਸੀ !

ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉਤੇ ਸਿਖਿਆ ਦੇਣ ਅਤੇ ਉਨ੍ਹਾਂ ਵਿੱਚ ਸਮਾਜਵਾਦੀ ਚੇਤਨਾ ਭਰਨ ਲਈ ਵੀ ਬਹੁਤ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ਼ ਵੱਲੋਂ ਜੀਵਨ ਦੇ ਆਖਰੀ ਵਰੇ ਲਿਖੀ ''ਅਰਾਜਕਤਾਵਾਦੱ ਇਸ ਦਾ ਸਿਧਾਂਤ ਤੇ ਇਸ ਦਾ ਵਿਗਿਆਨਕ ਅਧਾਰ ਜੋ 27-ਅਕਤੂਬਰ, 1887 ਨੂੰ ਜੇਲ੍ਹ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦਰਿਸ਼ਟੀ ਵੱਜੋ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ ! ਉਸ ਸਮੇਂ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾ ਅਪ੍ਰੈਲ ਦੇ ਅਖੀਰ ਤਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8-ਘੰਟੇ ਕੰਮ-ਦਿਨ ਜਾਂ ਆਮ ਤੌਰ ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ-ਹਜ਼ਾਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁਝ ਕੰਪਨੀਆਂ ਨੇ ਰਿਆਇਤਾਂ ਵੀ ਦਿਤੀਆਂ, ਪਰ ਸੰਘਰਸ਼ ਜਾਰੀ ਰਿਹਾ। 3-ਮਈ ਨੂੰ ਸ਼ਹਿਰ ਵਿਆਪੀ ਮੁਜ਼ਾਹਰਾ ਹੋਣ ਵਾਲਾ ਸੀ। ਮੁਜ਼ਾਹਰੇ ਸਮੇਂ ਪੁਲੀਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵੱਜੋ ਕਿਰਤੀ ਗੁੱਸੇ 'ਚ ਆਮ-ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲੀਸ ਨੇ ਕਿਰਤੀਆਂ ਤੇ ਹਮਲਾ ਕਰ ਦਿਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ। ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7-ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ ''ਹੇਅ ਮਾਰਕਿਟ ਚੌਂਕੱ ਵਿੱਚ ਇੱਕਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ਼ ਤੇ ਫੀਲਡਨ ਨੇ ਅਧਿਕਾਰੀਆਂ 'ਤੇ ਮਿਲ ਮਾਲਕਾਂ ਦੀ ਬਰਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ। ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵਲ ਜਾ ਰਹੇ ਹਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿੱਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਜਾ ਕੇ ਪੁਜੀਸ਼ਨਾਂ ਲੈ ਲਈਆ। ਪੁਰ ਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁਟਿਆ ਗਿਆ? ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ। 4-ਮਈ ਦੀ ਬਰਬਰਤਾ, ਬਸ ! ਫਿਰ ਕੀ ਸੀ, ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾ-ਬੰਦੀ ਸੀ, ਪੁਲਿਸ ਵਲੋਂ ਅੱਧਾਧੁੰਦ ਬੜੀ ਬੇਕਿਰਕੀ ਨਾਲ ਕਿਰਤੀਆਂ 'ਤੇ ਗੋਲੀਆਂ ਦਾ ਮੀਂਹ ਵਰਾਹ ਦਿੱਤਾ। ਬਹੁਤ ਸਾਰੇ ਕਿਰਤੀ-ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜਖ਼ਮੀ ਹੋ ਗਏ। ਪੁਲਿਸ ਨੇ ਨਿੱਠ-ਕੇ ਕਿਰਤੀਆਂ ਦਾ ਪਿੱਛਾ ਕੀਤਾ। ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜ਼ਬਰ, ਬਰਬਰਤਾ ਅਤੇ ਮਨ-ਮਰਜ਼ੀ ਦੇ ਤਸ਼ੱਦਦ ਨੇ ''ਹੇਅ-ਮਾਰਕਿਟ ਦੇ ਕਾਂਡੱ ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿੱਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁਠਤਾ ਵਜੋਂ ਅਮਰ ਬਣਾ ਦਿੱਤਾ ? ਕਿਰਤੀਆਂ ਦੇ ਡੁਲ੍ਹੇ ਖੂਨ ਨਾਲ ਉਹਨਾਂ ਦੇ ਸਬਰ ਨੇ, 'ਚਿੱਟੇ ਝੰਡੇ ਨੂੰ ਖੂਨ ਦੇ ਕੇ ਲਾਲ ਸੁਰਖ਼ ਬਣਾ ਦਿੱਤਾ ! ਜੋ ਸ਼ਿਕਾਗੋ ਹੀ ਨਹੀਂ ਅੱਜ ਸਾਰੀ ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਇਹ 'ਲਾਲ ਝੰਡਾੱ ਇਕ ਪ੍ਰਤੀਕ ਬਣ ਗਿਆ। ਪਾਰਸਨਜ਼ ਨੇ ''ਹੇਅ-ਮਾਰਕਿਟ ਗੋਲੀ ਕਾਂਡੱ ਦੇ ਦੁਖਾਂਤ ਨੂੰ ਨੰਗਾ ਕੀਤਾ, 'ਜਿਹੜੇ ਅਦਾਲਤ ਵਿੱਚ ਝੂਠੇ ਗਵਾਹ, ਇਸਤਗਾਸਾ ਅਤੇ ਜੱਜ ਖੇਡ ਰਹੇ ਸਨ ?

ਉਸ ਨੇ ਹਾਕਮੀ ਸਾਜਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਹ ਮੁਕੱਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁਧ ਇਕ ਸਾਜਸ਼ ਸੀ, ਜਿਸ ਲਈ ਸ਼ਿਕਾਗੋ ਦੇ ਕਰੋੜਾਂਪਤੀ ਕਾਰਖਾਨੇਦਾਰਾਂ ਨੇ ਧਨ ਦਿਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾ ਜੇਲ੍ਹ ਵਿੱਚ ਪਾਰਸਨਜ਼ ਨੇ ਆਪਣੀ ਪੁਸਤਕ ਖਤਮ ਕੀਤੀ ਜਿਸ ਵਿੱਚ ਉਸਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ। ਉਸ ਦੀ ਪਤਨੀ ਲੂਸੀ ਪਾਰਸਨਜ਼ ਨੇ, ਜਿਹੜੀ ਕਿ ਇਨਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ ਨੇ ਅਦਾਲਤ ਵਿੱਚ ਲੋਕਾਂ ਦੇ ਬਿਆਨਾਂ, ਮੁਕੱਦਮੇ ਦੀ ਤਫ਼ਤੀਸ ਤੇ ਰੀਕਾਰਡ ਪ੍ਰਕਾਸ਼ ਕਰਾਏ।

ਸ਼ਿਕਾਗੋ ਦੀਆਂ ਦੁੱਖਦਾਈ ਘਟਨਾਵਾਂ ਦੀ ਖਬਰ ਸਾਰੀ ਦੁਨੀਆਂ ਵਿੱਚ ਫੈਲ ਗਈ ! ਕਿਰਤ ਅਤੇ ਆਜਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ 'ਤੇ ਹਮਦਰਦੀ ਦੀ ਲਹਿਰ ਉਠ ਖੜੀ ਹੋ ਗਈ ! ਇਲੀ ਨੌਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸਖਸ਼ੀਅਤਾਂ ਤੇ ਜੱਥੇਬੰਦੀਆਂ ਵੱਲੋਂ ਭੇਜੀਆਂ ਗਈਆਂ।

ਜਿਨ੍ਹਾਂ ਵਿੱਚ ਜਾਰਜ ਬਰਨਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ ਦੀ ਮਿਊਂਸਪਲ ਕੌਂਸਲ, ਸੇਈਨ ਦੇ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿੱਚ ਉਘੇ ਕਨੂੰਨੀ ਮਾਹਿਰਾਂ, ਜਨਤਕ ਆਗੂ, ਹੈਨਰੀ ਡੇਮਾਰਿਸਟ ਲਾਇਡ, ਸੈਨੇਟਰ ਈਮਾਨ ਟਰਨਬੁਲ, ਸਟੀਫਨ ਐਸ, ਗਰੀਗੋਰੀ, ਲੀਮਾਨ ਗੇਜ, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11-ਨਵੰਬਰ, 1887 ਨੂੰ ਅਲਬਰਟ ਪਾਰਸਨਜ਼, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੁਸ਼ੀਲੇ ਸੁਨੇਹੇ ਰਾਹੀ ਯਾਦ ਕੀਤਾ।

ਪਹਿਲੀ ਮਈ ਦੇ ਖੂਨੀ ਕਾਂਡ ਅੰਦਰ ਜ਼ਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਈਕਲ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਪਿਆ। ਜੇਲ੍ਹ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿੱਚ ਪੂਰੇ ਸਨਮਾਨਾਂ ਨਾਲ ਦਫ਼ਨਾਅ ਦਿੱਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜ਼ੇ ਵਿੱਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25-ਹਜ਼ਾਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋਂ ਹਿਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ ! ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ-ਸੋਚ ਵਾਲੇ ਅਮਰੀਕੀ ਇਸ ਗਲ 'ਤੇ ਬਜ਼ਿਦ ਰਹੇ ਕਿ ਮਈ 'ਹੇਅ-ਮਾਰਕਿਟ' ਦੇ ਖੂਨੀ-ਕਾਂਡ 'ਤੇ ਮੁੜ ਕੇਸ ਨਵੇਂ ਸਿਰਿਓ ਚਲਾਇਆ ਜਾਵੇ। ਲੋਕ ਦਬਾਅ ਅਧੀਨ 26-ਜੁਲਾਈ,1893 ਨੂੰ ਇਲੀਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ.ਐਟਗੈਲਡ ਨੇ ਫੀਲਡਨ, ਸ਼ਾਅਬ ਤੇ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿੱਚ ਗਵਰਨਰ ਨੇ ਕਿਹਾ ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਹਨਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰ-ਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨ-ਮਰਜ਼ੀ ਦੀਆਂ ਕਾਰਵਾਈਆਂ ਰਾਹੀਂ ਹੜਤਾਲੀ ਕਿਰਤੀਆ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ। 3-ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੂਲੀਸ ਵਲੋਂ ਚਲਾਈ ਗੋਲੀ ਕਾਰਨ 6-ਕਿਰਤੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4-ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਵੀ ਕਿਰਤੀ ਸ਼ਹੀਦ ਹੋਏ ਸਨ ਉਹਨਾਂ ਲਈ ਵੀ ਹਾਕਮ ਤੇ ਉਸ ਦੀ ਪੁਲੀਸ ਹੀ ਜਿੰਮੇਵਾਰ ਸੀ। ਉਸ ਸੰਬੰਧੀ ਉਸ ਵੇਲੇ ਦਾ ਪ੍ਰੈਸ ਕਿਵੇਂ ਮਾਲਕਾਂ ਪੱਖੀ ਰੋਲ ਅਦਾ ਕਰ ਰਿਹਾ ਸੀ, 'ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ ''ਅਵਾਰਾ ਹਜੂਮੱ ਕਹਿੰਦੇ ਹੋਏ ਲਿਖਿਆ, 'ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ ?

ਇਸ ਤੋਂ ਸਪਸ਼ਟ ਜ਼ਾਹਰ ਹੈ ਕਿ ਅਮਰੀਕੀ ਰਾਜਸਤਾ ਅੰਦਰ ਉਸ ਵੇਲੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ ਪੂਰੀ ਤਰ੍ਹਾਂ ਇਕ-ਮਿਕ ਤੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ।

1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿਤੀ ਜੋ ਨਿਆਂ ਲਈ ਆਵਾਜ਼ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ ? ''ਉਹ ਸਵੇਰਾ (ਦਿਨ) ਜਰੂਰ ਆਵੇਗਾ, ਜਦੋਂ ਸਾਡੀ ਚੁਪ (ਜ਼ਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ ?ਸਾਡੀ ਆਵਾਜ਼ ਜਿਸ ਨੂੰ ਤੁਸੀ ਬੰਦ ਕਰ ਰਹੇ ਹੋ, ਇਕ ਭਾਂਬੜ ਬਣ ਕੇ ਹਰ ਪਾਸੇ ਮੱਚਣਗੇ ?

ਕਦੀ ਜਾਗਰਿਤੀ ਅਤੇ ਪੁਨਰ-ਨਿਰਮਾਣ ਦੀਆਂ ਲਹਿਰਾਂ ਜੋ ਪੱਛਮ ਵੱਲੋ ਪੈਦਾ ਹੋ ਕੇ ਸੰਸਾਰ ਨੂੰ ਰੁਸ਼ਨਾਉਂਦੀਆਂ ਸਨ ! ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਨੂੰ ਜਾਗਰਿਤ ਕੀਤਾ ! ਇਸ ਮਹਾਨ ਘੋਲ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਵਿਰੁਧ, 'ਲੁੱਟੀ ਜਾਣ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ, 'ਹੱਕਾਂ ਲਈ 'ਤੇ ਅਨਿਆਏ ਵਿਰੁੱਧ ਮਾਲਕਾਂ ਦੇ ਆਹਮੋ-ਸਾਹਮਣੇ ਖੜਾ ਕਰ ਦਿੱਤਾ। ਦੁਨੀਆਂ ਭਰ 'ਚ ਕਿਰਤੀ-ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ-ਜਾਗਰਿਤੀ ਵਾਲੀ ਚੇਤਨਤਾ ਨੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜ਼ਬਰ ਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ-ਵਰਗ ਨੂੰ ਇਕ ਤਕੜਾ ਝੰਜੋੜਾ ਦਿੱਤਾ ! ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ-ਸੰਸਾਰ, 'ਮਾਲਕ ਤੇ ਮਜ਼ਦੂਰ ਅਤੇ ਦੋਨਾਂ-ਵਿਚਕਾਰ ਲੁੱਟ-ਖਸੁੱਟ ਵਿਰੁਧ ਸ਼ੋਸ਼ਣ ਵਾਲੇ ਰਾਜ ਦੇ ਖਾਤਮੇ ਵਿਰੁੱਧ ਸੰਘਰਸ਼ਾਂ ਤੇ ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਪਣ ਵਾਲੇ ਸੰਸਾਰ ਦੀ ਸਥਾਪਤੀ ਵਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਮੁੱਕਤੀ ਵਾਲਾ ਅਸਲੀ ਰਾਹ ਸਾਹਮਣੇ ਲਿਆਂਦਾ ! ਇਸ ਵਰਗ-ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਨੇ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ !

ਭਾਵੇਂ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਰੂਸ (1917-1991) ਢੈਅ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ ਉਹ ਸੀ ਸਭ ਤੋਂ ਵੱਡੀ ਕਿਰਤੀ-ਵਰਗ ਅੰਦਰ ਆਈ ਜਾਗਰਿਤੀ ਸੀ ! ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜ਼ਾਦੀ, ਸੰਸਾਰ-ਅਮਨ, ਵਿਗਿਆਨ ਅਤੇ ਟੈਕਨੌਲਜੀ ਖੇਤਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਣਨ-ਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ, ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵੱਲੋ ਅਪਣਾਇਆ ਕੁਰਬਾਨੀ ਭਰਿਆ ਕਦਮ ਅਤੇ ਏਕਾ ਹੀ ਸੀ ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਂਤਮਿਕ ਤਾਸੀਰ ਹੀ ਬਦਲ ਦਿੱਤੀ। ਅੱਜ ਭਾਵੇਂ ਦੁਨੀਆਂ ਅੰਦਰ ਪੂੰਜੀਵਾਦ ਕਈ ਰੂਪਾਂ ਰਾਹੀ ਕਿਰਤੀ ਦੀ ਲੁੱਟ ਕਰਨ ਲਈ ਕਈ ਢੰਗ ਤਰੀਕੇ ਵਰਤ ਰਿਹਾ ਹੈ,ਪਰ ਸਮਾਜਵਾਦੀ ਬਲਾਕ ਇਕ ਜੁਟ ਨਾ ਹੋਣ ਦੇ ਬਾਵਜੂਦ ਵੀ ਦੁਨੀਆਂ ਅੰਦਰ ਵਰਗੀ-ਸੰਘਰਸ਼ ਵੀ ਕਈ ਰੂਪਾਂ 'ਚ ਅੱਗੇ ਵਧ ਰਹੇ ਹਨ। ਸੱਜ-ਪਿਛਾਖੜੀ ਰਾਜਨੀਤਕ ਪ੍ਰਭਾਵ ਦੇ ਵਿਰੁਧ ਸਮਾਜਵਾਦੀ ਚੇਤਨਾ ਅਤੇ ਵਰਗ ਸੰਘਰਸ਼ ਵੀ ਅੱਗੇ ਵੱਧ ਰਹੇ ਹਨ। ਨਵੇਂ-ਨਵੇਂ ਰੂਪਾਂ ਵਿੱਚ ਲੋਕ ਸੰਘਰਸ਼ ਵੀ ਪਣਪ ਰਹੇ ਹਨ ਅਤੇ ਹੋ ਰਹੇ ਕਿਰਤੀ ਸ਼ੋਸ਼ਣ ਨੂੰ ਵੰਗਾਰ ਰਹੇ ਹਨ। ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋ ਹੋ ਰਹੀ ਲੁੱਟ-ਖਸੁੱਟ ਵਿਰੁਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ ! ਮਈ ਦਿਵਸ ਦੀ ਵਿਰਾਸਤ ਦੀ ਮਜ਼ਬੂਤੀ, ਮਨੁੱਖਤਾ ਦੀ ਖੁਸ਼ਹਾਲੀ ਅਤੇ ਸੰਸਾਰ ਅਮਨ ਦੀ ਸਥਾਪਤੀ ਕਰਨ ਲਈ ਇਹ ਦਿਨ ਹੈ !

ਸਦੀਆਂ ਤੋਂ ਗਰੀਬੀ-ਗੁਰਬਤ ਦਾ ਹਨ੍ਹੇਰਾ ਢੋਣ ਵਾਲਿਆ ਦੀ ਬੰਦ-ਖਲਾਸੀ ਦਾ ਦਿਨ ਹੈ ! ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੌਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਹਰ ਸਾਲ ਸਾਡੇ ਲਈ ਆਉਂਦਾ ਹੈ, ਜਗਾਉਂਦਾ ਹੈ ਅਤੇ ਇਨਕਲਾਬੀ ਸੰਕਲਪ ਨੂੰ ਮਜ਼ਬੂਤ ਕਰਦਾ ਹੈ ਕਿ ਦੁਨੀਆ ਭਰ ਦੇ ਕਿਰਤੀਓ, ਇਕ ਹੋ ਜਾਵੋ ! ਮਨੁੱਖੀ ਕਿਰਤ ਦੀ ਰਾਖੀ ਤਾਂ ਹੀ ਹੋ ਸਕਦੀ ਹੈ ਜੇ ਅਮਨ ਹੋਵੇਗਾ ? ਜੰਗ ! ਦੌਰਾਨ ਸਭ ਤੋਂ ਵੱਧ ਮਾਰ ਕਿਰਤੀ-ਵਰਗ ਨੂੰ ਹੀ ਪੈਂਦੀ ਹੈ। ਅੱਜ ! ਅਮਰੀਕੀ-ਸਾਮਰਾਜ ਜੋ ਦੁਨੀਆ ਅੰਦਰ ਜੰਗ ਵੰਡ ਰਿਹਾ ਹੈ, ਉਸ ਵਿਰੁਧ ਕਿਰਤੀ ਵਰਗ ਨੂੰ ਵੀ ਆਪਣੇ ਹੱਕਾਂ ਲਈ ਕੀਤੇ ਜਾਂਦੇ ਸੰਘਰਸ਼ਾਂ ਨੂੰ ਇਕ ਦਵੰਦਾਤਮਕ ਹਿੱਸਾ ਬਣਾ ਕੇ, ਜੰਗ ਦਾ ਘੋਰ ਵਿਰੋਧ ਕਰਨਾ ਚਾਹੀਦਾ ਹੈ। ਅਸੀਂ ਅਮਨ ਚਾਹੁੰਦੇ ਹਾਂ, ਜੋ ਸਮਾਜਵਾਦ ਲਈ ਇਕ ਬੁਨਿਆਦੀ ਪੌੜੀ ਹੈ, ਜੰਗ ਨਹੀਂ ?

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


GHUMAN LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
➤ 2 ਸਾਲ ਦਾ Work Permit
➤ Spouse ਨੂੰ ਮਿਲੇਗਾ Open Work Permit
➤ ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
➤ ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

# ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਏ ਲੱਖਾਂ ਪ੍ਰਵਾਸੀਆਂ ਨੂੰ ਵੱਡੀ ਰਾਹਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਇੰਮੀਗ੍ਰੇਸ਼ਨ ਮਾਮਲੇ 'ਚ ਟਰੰਪ ਸਰਕਾਰ ਨੂੰ ਵੱਡਾ ਝਟਕਾ ਲੱਗਿਆ ਹੈ। ਅਪੀਲ ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਦਾਖਲ ਹੋਏ ਪ੍ਰਵਾਸੀਆਂ ਨੂੰ ਬਿਨਾਂ ਉਨ੍ਹਾਂ ਦਾ ਪੱਖ ਸੁਣੇ ਡਿਪੋਰਟ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਰਾਹੀਂ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਜਾਂ ਕਿਸੇ ਹੋਰ ਕਾਨੂੰਨੀ ਸੁਰੱਖਿਆ ਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਮੌਜੂਦਾ ਇੰਮੀਗ੍ਰੇਸ਼ਨ ਕਾਨੂੰਨ ਸਰਕਾਰ ਨੂੰ ਨਵੀਂ ਪ੍ਰਕਿਰਿਆ ਰਾਹੀਂ ਤੁਰੰਤ ਡਿਪੋਰਟ ਕਰਨ ਦੀ ਆਗਿਆ ਨਹੀਂ ਦਿੰਦਾ ਅਤੇ ਨਾ ਹੀ ਪ੍ਰਵਾਸੀਆਂ ਨੂੰ ਪਨਾਹ ਮੰਗਣ ਤੋਂ ਰੋਕਿਆ ਜਾ ਸਕਦਾ ਹੈ।

ਤਿੰਨ ਜੱਜਾਂ ਦੇ ਬੈਂਚ ਵਿਚੋਂ ਦੋ ਜੱਜਾਂ ਨੇ ਪ੍ਰਵਾਸੀਆਂ ਦੇ ਹੱਕ ਵਿਚ ਫ਼ੈਸਲਾ ਦਿੱਤਾ, ਜਦਕਿ ਇਕ ਜੱਜ ਨੇ ਅਸਹਿਮਤੀ ਜਤਾਈ। ਜਸਟਿਸ ਜੇ. ਮਿਸ਼ੇਲ ਚਾਇਲਡਜ਼ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇੰਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਐਕਟ ਸਪੱਸ਼ਟ ਹੈ ਅਤੇ ਰਾਸ਼ਟਰਪਤੀ ਦੇ ਹੁਕਮਾਂ ਰਾਹੀਂ ਇਸ ਨੂੰ ਬਦਲਿਆ ਨਹੀਂ ਜਾ ਸਕਦਾ।



ਇਸ ਨੀਤੀ ਨੂੰ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਵੱਲੋਂ ਚੁਣੌਤੀ ਦਿੱਤੀ ਗਈ ਸੀ। ਫ਼ੈਸਲੇ ਤੋਂ ਬਾਅਦ ਸੰਸਥਾ ਦੇ ਵਕੀਲ ਨੇ ਕਿਹਾ ਕਿ ਇਸ ਨਾਲ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬਚ ਸਕਦੀਆਂ ਹਨ, ਕਿਉਂਕਿ ਪਹਿਲਾਂ ਪ੍ਰਵਾਸੀਆਂ ਨੂੰ ਪਨਾਹ ਦੀ ਅਰਜ਼ੀ ਦੇਣ ਦਾ ਮੌਕਾ ਨਹੀਂ ਮਿਲਦਾ ਸੀ ਅਤੇ ਸਿੱਧੇ ਹੀ ਡਿਪੋਰਟ ਕਰ ਦਿੱਤਾ ਜਾਂਦਾ ਸੀ।

ਦੂਜੇ ਪਾਸੇ, ਟਰੰਪ ਸਰਕਾਰ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਸਕਦੀ ਹੈ। ਟਰੰਪ ਨੇ ਆਪਣੇ ਕਾਰਜਕਾਲ ਦੀ ਸ਼ੁਰੂਆਤ ਵਿਚ ਹੀ ਅਸਾਇਲਮ ਦਾਅਵਿਆਂ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਦੇਸ਼ ਦੀ ਸੁਰੱਖਿਆ ਲਈ ਗੈਰਕਾਨੂੰਨੀ ਦਾਖਲਾ ਰੋਕਣਾ ਜ਼ਰੂਰੀ ਹੈ।

ਇਸ ਦੇ ਤਹਿਤ ਹੋਮਲੈਂਡ ਸਕਿਓਰਿਟੀ ਵਿਭਾਗ ਨੇ ਬਾਰਡਰ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ, ਜਿਸ ਨਾਲ ਸਰਹੱਦ 'ਤੇ ਆਉਣ ਵਾਲੇ ਲੋਕਾਂ ਨੂੰ ਅਸਾਇਲਮ ਦਾ ਹੱਕ ਨਹੀਂ ਦਿੱਤਾ ਜਾ ਰਿਹਾ ਸੀ।

ਸੁਣਵਾਈ ਦੌਰਾਨ ਸਰਕਾਰ ਨੇ ਕਿਹਾ ਕਿ ਰਾਸ਼ਟਰਪਤੀ ਕੋਲ ਇਹ ਅਧਿਕਾਰ ਹਨ, ਪਰ ਅਦਾਲਤ ਨੇ ਇਸ ਗੱਲ ਨੂੰ ਨਹੀਂ ਮਨਿਆ ਅਤੇ ਕਿਹਾ ਕਿ ਅਸਾਇਲਮ ਦੇ ਨਿਯਮ ਕਾਂਗਰਸ ਬਣਾਉਂਦੀ ਹੈ ਅਤੇ ਬਦਲਾਅ ਵੀ ਉੱਥੇ ਤੋਂ ਹੀ ਹੋ ਸਕਦਾ ਹੈ।

ਫਰਵਰੀ ਮਹੀਨੇ ਦੌਰਾਨ ਮੈਕਸੀਕੋ ਸਰਹੱਦ 'ਤੇ 8 ਹਜ਼ਾਰ ਤੋਂ ਵੱਧ ਪ੍ਰਵਾਸੀ ਰੋਕੇ ਗਏ ਸਨ, ਜਦਕਿ ਮਾਰਚ ਵਿਚ ਹਰ ਰੋਜ਼ ਔਸਤਨ 1,026 ਗੈਰਕਾਨੂੰਨੀ ਪ੍ਰਵਾਸੀ ਫੜੇ ਗਏ।

# ਟਰੰਪ ਸਰਕਾਰ ਦਾ ਨਵਾਂ ਸਖ਼ਤ ਰੁਖ: ਰਾਜਨੀਤਿਕ ਵਿਚਾਰਾਂ ਕਾਰਨ ਵੀ ਗ੍ਰੀਨ ਕਾਰਡ ਹੋ ਸਕਦਾ ਰੱਦ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਇੱਕ ਵਾਰ ਫਿਰ ਸਖ਼ਤ ਰੁਖ ਵਿਚ ਨਜ਼ਰ ਆ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਗ੍ਰੀਨ ਕਾਰਡ ਅਰਜ਼ੀਕਾਰਾਂ ਦੀ ਜਾਂਚ ਲਈ ਨਵੇਂ ਮਾਪਦੰਡ ਲਾਗੂ ਕਰ ਰਹੀ ਹੈ, ਜਿਸ ਤਹਿਤ ਕੁਝ ਰਾਜਨੀਤਿਕ ਵਿਚਾਰ ਪ੍ਰਗਟ ਕਰਨ ਵਾਲੇ ਲੋਕਾਂ ਨੂੰ ਵੀ ਗ੍ਰੀਨ ਕਾਰਡ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਰਿਪੋਰਟ ਅਨੁਸਾਰ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਅੰਦਰੂਨੀ ਟ੍ਰੇਨਿੰਗ ਦਸਤਾਵੇਜ਼ਾਂ ਵਿਚ ਇਮੀਗ੍ਰੇਸ਼ਨ ਅਫਸਰਾਂ ਨੂੰ ਨਵੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਮੁਤਾਬਕ ਜੇਕਰ ਕੋਈ ਅਰਜ਼ੀਕਾਰ ਇਜ਼ਰਾਈਲ ਵਿਰੋਧੀ ਬਿਆਨ ਦਿੰਦਾ ਹੈ, ਫਲਸਤੀਨ ਪੱਖੀ ਪ੍ਰਦਰਸ਼ਨਾਂ ਵਿਚ ਹਿੱਸਾ ਲੈਂਦਾ ਹੈ ਜਾਂ ਕੁਝ ਹੋਰ ਰਾਜਨੀਤਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਮਿਲਦਾ ਹੈ, ਤਾਂ ਉਸਦੀ ਗ੍ਰੀਨ ਕਾਰਡ ਅਰਜ਼ੀ ਨੂੰ ਨਕਾਰਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਅਮਰੀਕੀ ਝੰਡਾ ਸਾੜਨ ਜਾਂ ਨਸ਼ਟ ਕਰਨ ਵਰਗੀਆਂ ਕਾਰਵਾਈਆਂ ਨੂੰ ਵੀ ਨਕਾਰਾਤਮਕ ਤੌਰ 'ਤੇ ਦੇਖਿਆ ਜਾ ਸਕਦਾ ਹੈ। ਸਰਕਾਰ ਦੇ ਮੁਤਾਬਕ ਇਹ ਕਦਮ ਰਾਸ਼ਟਰੀ ਸੁਰੱਖਿਆ, ਅਮਰੀਕੀ ਸੰਸਥਾਵਾਂ ਦੀ ਰੱਖਿਆ ਅਤੇ ਦੇਸ਼ ਦੇ ਮੁੱਲਾਂ ਨੂੰ ਬਚਾਉਣ ਲਈ ਚੁੱਕੇ ਜਾ ਰਹੇ ਹਨ।




ਯੂ.ਐੱਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੇ ਪਹਿਲਾਂ ਵੀ ਕਿਹਾ ਸੀ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਲਾਭ ਕੋਈ ਹੱਕ ਨਹੀਂ, ਸਗੋਂ ਇੱਕ ਵਿਸ਼ੇਸ਼ ਅਧਿਕਾਰ ਹਨ। ਏਜੰਸੀ ਦੇ ਬੁਲਾਰੇ ਨੇ ਕਿਹਾ ਸੀ ਕਿ ਜੋ ਲੋਕ ਅਮਰੀਕਾ ਨਾਲ ਨਫ਼ਰਤ ਕਰਦੇ ਹਨ ਜਾਂ ਐਂਟੀ-ਅਮਰੀਕਨ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੇ ਹਨ, ਉਨ੍ਹਾਂ ਨੂੰ ਇਹ ਲਾਭ ਨਹੀਂ ਦਿੱਤੇ ਜਾਣੇ ਚਾਹੀਦੇ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਟਰੰਪ ਸਰਕਾਰ ਸਿਰਫ਼ ਗ੍ਰੀਨ ਕਾਰਡ ਅਰਜ਼ੀਕਾਰ ਹੀ ਨਹੀਂ, ਸਗੋਂ ਟੂਰਿਸਟ ਵੀਜ਼ਾ 'ਤੇ ਆਉਣ ਵਾਲਿਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਦੀ ਵੀ ਵਧੀਕ ਜਾਂਚ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਨਾਲ ਭਵਿੱਖ ਵਿਚ ਵਿਜ਼ੀਟਰ ਵੀਜ਼ਾ ਅਰਜ਼ੀਕਾਰਾਂ ਲਈ ਵੀ ਜਾਂਚ ਵੱਧ ਸਕਦੀ ਹੈ। ਉਧਰ ਵ੍ਹਾਈਟ ਹਾਊਸ ਵੱਲੋਂ ਕਿਹਾ ਗਿਆ ਹੈ ਕਿ ਇਹ ਨੀਤੀਆਂ ਬੋਲਣ ਦੀ ਆਜ਼ਾਦੀ ਨੂੰ ਰੋਕਣ ਲਈ ਨਹੀਂ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਦੇਸ਼ ਦੀ ਸੁਰੱਖਿਆ ਅਤੇ ਕਾਨੂੰਨੀ ਇਮੀਗ੍ਰੇਸ਼ਨ ਸਿਸਟਮ ਦੀ ਇਮਾਨਦਾਰੀ ਬਣਾਈ ਰੱਖਣ ਲਈ ਲਏ ਜਾ ਰਹੇ ਹਨ। ਇਸੇ ਦੌਰਾਨ ਡੋਨਾਲਡ ਟਰੰਪ ਆਪਣਾ ਗੋਲਡ ਕਾਰਡ ਪ੍ਰੋਗਰਾਮ ਵੀ ਅੱਗੇ ਵਧਾ ਰਹੇ ਹਨ। ਇਸ ਯੋਜਨਾ ਤਹਿਤ ਵੱਡੀ ਰਕਮ ਨਿਵੇਸ਼ ਕਰਨ ਵਾਲਿਆਂ ਨੂੰ ਤੇਜ਼ੀ ਨਾਲ ਅਮਰੀਕੀ ਰਿਹਾਇਸ਼ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਕਾਰਨ ਵਿਰੋਧੀ ਧਿਰ ਸਵਾਲ ਉਠਾ ਰਹੀ ਹੈ ਕਿ ਇੱਕ ਪਾਸੇ ਆਮ ਅਰਜ਼ੀਕਾਰਾਂ ਲਈ ਨਿਯਮ ਸਖ਼ਤ ਕੀਤੇ ਜਾ ਰਹੇ ਹਨ, ਜਦਕਿ ਦੂਜੇ ਪਾਸੇ ਧਨਾਢ ਲੋਕਾਂ ਲਈ ਨਵੇਂ ਰਸਤੇ ਖੋਲ੍ਹੇ ਜਾ ਰਹੇ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਨੀਤੀਆਂ ਲਾਗੂ ਹੁੰਦੀਆਂ ਹਨ, ਤਾਂ ਗ੍ਰੀਨ ਕਾਰਡ ਅਰਜ਼ੀਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਪੋਸਟਾਂ, ਸਿਆਸੀ ਗਤੀਵਿਧੀਆਂ ਅਤੇ ਜਨਤਕ ਬਿਆਨਾਂ ਬਾਰੇ ਬਹੁਤ ਸਾਵਧਾਨ ਰਹਿਣਾ ਪਵੇਗਾ। ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਵੀ ਇਹ ਮਾਮਲਾ ਮਹੱਤਵਪੂਰਨ ਹੈ, ਕਿਉਂਕਿ ਕਈ ਲੋਕ ਰੁਜ਼ਗਾਰ, ਪਰਿਵਾਰਕ ਸਪਾਂਸਰਸ਼ਿਪ ਅਤੇ ਅਸਾਇਲਮ ਰਾਹੀਂ ਰਿਹਾਇਸ਼ ਦੀ ਉਡੀਕ ਕਰ ਰਹੇ ਹਨ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਦੀ ਮਹੱਤਵਪੂਰਨ ਅਪੀਲ ਸੁਣਨ ਲਈ ਮਨਜ਼ੂਰੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੀ ਇੱਕ ਮਹੱਤਵਪੂਰਨ ਅਪੀਲ ਸੁਣਨ ਲਈ ਮਨਜ਼ੂਰ ਕਰ ਲਈ ਹੈ, ਜਿਸ ਵਿਚ ਪਰਵਾਸੀ ਖੇਤੀ ਮਜ਼ਦੂਰਾਂ ਲਈ ਰਹਿਣ-ਸਹਿਣ ਅਤੇ ਕੰਮਕਾਜ ਦੀਆਂ ਸਥਿਤੀਆਂ ਨੂੰ ਲੈ ਕੇ ਵੱਡਾ ਕਾਨੂੰਨੀ ਸਵਾਲ ਖੜ੍ਹਾ ਹੋਇਆ ਹੈ। ਇਹ ਮਾਮਲਾ ਐੱਚ-2ਏ ਵੀਜ਼ਾ ਪ੍ਰੋਗਰਾਮ ਨਾਲ ਜੁੜਿਆ ਹੋਇਆ ਹੈ, ਜਿਸ ਤਹਿਤ ਹਰ ਸਾਲ ਲੱਖਾਂ ਵਿਦੇਸ਼ੀ ਮਜ਼ਦੂਰ ਅਮਰੀਕਾ ਵਿਚ ਖੇਤੀਬਾੜੀ ਕੰਮ ਲਈ ਆਉਂਦੇ ਹਨ।

ਇਸ ਕੇਸ ਦੇ ਕੇਂਦਰ ਵਿਚ ਸ਼ੁਨ ਡਓਲਲਏ ੋਰਚਹਓਰਦਸ ਨਾਮ ਦੀ ਨਿਊ ਜਰਸੀ ਦੀ ਇੱਕ ਫਾਰਮ ਕੰਪਨੀ ਹੈ, ਜਿਸ ਨੇ 2015 ਵਿਚ ਲਗਭਗ 96 ਵਿਦੇਸ਼ੀ ਮਜ਼ਦੂਰ ਮਿਰਚਾਂ ਅਤੇ ਐਸਪੈਰਾਗਸ ਦੀ ਕਟਾਈ ਲਈ ਰੱਖੇ ਸਨ।

ਯੂ.ਐੱਸ. ਡਿਪਾਰਟਮੈਂਟ ਆਫ ਲੇਬਰ ਦਾ ਦੋਸ਼ ਹੈ ਕਿ ਫਾਰਮ ਵੱਲੋਂ ਮਜ਼ਦੂਰਾਂ ਨੂੰ ਬੁਨਿਆਦੀ ਸੁਵਿਧਾਵਾਂ ਨਹੀਂ ਦਿੱਤੀਆਂ ਗਈਆਂ। ਇਨ੍ਹਾਂ ਵਿਚ ਸਾਫ਼ ਪੀਣ ਵਾਲਾ ਪਾਣੀ, ਸਾਫ਼ ਵਾਸ਼ਰੂਮ ਅਤੇ ਖਾਣਾ ਬਣਾਉਣ ਲਈ ਰਸੋਈ ਵਰਗੀਆਂ ਜ਼ਰੂਰੀ ਸਹੂਲਤਾਂ ਸ਼ਾਮਲ ਹਨ। ਸਰਕਾਰੀ ਜਾਂਚ ਅਨੁਸਾਰ ਮਜ਼ਦੂਰਾਂ ਤੋਂ 12-12 ਘੰਟੇ ਦੀ ਡਿਊਟੀ ਕਰਵਾਈ ਜਾਂਦੀ ਸੀ ਅਤੇ ਸਿਰਫ਼ ਇੱਕ ਘੰਟੇ ਦਾ ਬਰੇਕ ਮਿਲਦਾ ਸੀ।

ਮਜ਼ਦੂਰਾਂ ਲਈ ਛੇ ਬੈੱਡਰੂਮ ਰੱਖੇ ਗਏ ਸਨ, ਜਿਨ੍ਹਾਂ ਵਿਚ ਹਰ ਕਮਰੇ ਵਿਚ 20 ਬੰਕ ਬੈੱਡਸ ਸਨ। ਜਿਹੜੀ ਰਸੋਈ ਦੀ ਸਹੂਲਤ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉੱਥੇ ਮਜ਼ਦੂਰਾਂ ਲਈ ਰਸੋਈ ਦੀ ਥਾਂ ਸੁਪਰਵਾਈਜ਼ਰ ਵੱਲੋਂ ਬੀਅਰ ਅਤੇ ਸਾਫਟ ਡਰਿੰਕਸ ਵੇਚੀਆਂ ਜਾਂਦੀਆਂ ਸਨ।

ਇਸ ਮਾਮਲੇ 'ਚ ਲੇਬਰ ਡਿਪਾਰਟਮੈਂਟ ਨੇ ਫਾਰਮ ਉੱਤੇ 212,000 ਡਾਲਰ ਤੋਂ ਵੱਧ ਸਿਵਲ ਪੈਨਲਿਟੀ ਅਤੇ ਲਗਭਗ 370,000 ਡਾਲਰ ਬਓਚਕ ਾਓਗਇਸ ਲਗਾਈਆਂ ਸਨ।

ਪਰ ਹੇਠਲੀ ਅਦਾਲਤ ਨੇ ਕਿਹਾ ਕਿ ਕੰਪਨੀ ਨੂੰ ਪਹਿਲਾਂ ਫੈਡਰਲ ਕੋਰਟ ਵਿਚ ਕੇਸ ਸੁਣਨ ਦਾ ਹੱਕ ਹੈ, ਨਾ ਕਿ ਡਿਪਾਰਟਮੈਂਟ ਆਫ ਲੇਬਰ ਦੇ ਐਡਮਿਨਿਸਟ੍ਰੇਟਿਵ ਜੱਜ ਕੋਲ। ਟਰੰਪ ਪ੍ਰਸ਼ਾਸਨ ਨੇ ਹੁਣ ਸੁਪਰੀਮ ਕੋਰਟ ਨੂੰ ਅਪੀਲ ਕਰਕੇ ਕਿਹਾ ਹੈ ਕਿ ਸਰਕਾਰੀ ਏਜੰਸੀਆਂ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਮਜ਼ਦੂਰਾਂ ਦੀ ਸੁਰੱਖਿਆ ਲਈ ਜੁਰਮਾਨੇ ਲਗਾ ਸਕਣ ਅਤੇ ਨਿਯਮ ਲਾਗੂ ਕਰ ਸਕਣ।

ਸਰਕਾਰ ਦਾ ਕਹਿਣਾ ਹੈ ਕਿ ਐੱਚ-2ਏ ਕਾਮੇ ਅਮਰੀਕੀ ਖੇਤੀ ਮਜ਼ਦੂਰੀ ਬਲ ਦਾ ਵੱਡਾ ਹਿੱਸਾ ਹਨ, ਇਸ ਲਈ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਜ਼ਰੂਰੀ ਹੈ।

ਇਹ ਮਾਮਲਾ ਟਰੰਪ ਸਰਕਾਰ ਦੀ ਉਸ ਨੀਤੀ ਨਾਲ ਵੀ ਜੁੜਿਆ ਹੈ ਜਿਸ ਤਹਿਤ ਐੱਚ-2ਏ ਵੀਜ਼ਾ ਪ੍ਰੋਗਰਾਮ ਨੂੰ ਵਧਾਇਆ ਜਾ ਰਿਹਾ ਹੈ ਅਤੇ ਖੇਤੀਬਾੜੀ ਮਾਲਕਾਂ ਲਈ ਮਜ਼ਦੂਰ ਲਿਆਉਣਾ ਆਸਾਨ ਬਣਾਇਆ ਜਾ ਰਿਹਾ ਹੈ। ਦੂਜੇ ਪਾਸੇ, ਮਜ਼ਦੂਰ ਹੱਕਾਂ ਦੇ ਸਮਰਥਕ ਕਹਿੰਦੇ ਹਨ ਕਿ ਜੇ ਕੰਮਕਾਜ ਅਤੇ ਰਿਹਾਇਸ਼ ਦੇ ਨਿਯਮ ਕਮਜ਼ੋਰ ਹੋਏ ਤਾਂ ਪਰਵਾਸੀ ਮਜ਼ਦੂਰਾਂ ਦਾ ਸ਼ੋਸ਼ਣ ਵਧ ਸਕਦਾ ਹੈ।

ਹੁਣ ਸੁਪਰੀਮ ਕੋਰਟ ਇਸ ਸਾਲ ਦੇ ਅੰਤ ਤੱਕ ਦਲੀਲਾਂ ਸੁਣ ਸਕਦੀ ਹੈ ਅਤੇ 2027 ਦੇ ਮੱਧ ਤੱਕ ਅੰਤਿਮ ਫੈਸਲਾ ਆ ਸਕਦਾ ਹੈ।

ਇਹ ਫੈਸਲਾ ਨਾ ਸਿਰਫ਼ ਖੇਤੀਬਾੜੀ ਉਦਯੋਗ ਲਈ, ਸਗੋਂ ਅਮਰੀਕਾ ਦੇ ਇਮੀਗ੍ਰੇਸ਼ਨ ਅਤੇ ਮਜ਼ਦੂਰ ਕਾਨੂੰਨਾਂ ਲਈ ਵੀ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।


CENTRAL VALLEY
FIRST.
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਅਮਰੀਕਾ 'ਚ ਜਨਮ-ਜਾਤ ਨਾਗਰਿਕਤਾ 'ਤੇ ਸੰਕਟ ਭਾਰਤੀ ਪ੍ਰਵਾਸੀਆਂ ਅਤੇ ਆਰਥਿਕਤਾ 'ਤੇ ਪੈਣ ਵਾਲਾ ਪ੍ਰਭਾਵ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਪ੍ਰੈਲ 2026 ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਵਿਵਾਦਤ ਸੰਦੇਸ਼ ਦੁਬਾਰਾ ਪੋਸਟ ਕੀਤਾ। ਇਸ ਵਿਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਤੋਂ ਆਏ ਪ੍ਰਵਾਸੀ ਅਮਰੀਕੀ ਜਨਮਜਾਤ ਨਾਗਰਿਕਤਾ ਦੀ ਦੁਰਵਰਤੋਂ ਕਰਦੇ ਹਨ। ਸੰਦੇਸ਼ ਵਿਚ ਕਿਹਾ ਗਿਆ ਸੀ ਕਿ ਪ੍ਰਵਾਸੀ ਇੱਥੇ ਆਉਂਦੇ ਹਨ ਅਤੇ ਨੌਵੇਂ ਮਹੀਨੇ ਬੱਚੇ ਨੂੰ ਜਨਮ ਦਿੰਦੇ ਹਨ, ਜਿਸ ਨਾਲ ਬੱਚਾ ਤੁਰੰਤ ਅਮਰੀਕੀ ਨਾਗਰਿਕ ਬਣ ਜਾਂਦਾ ਹੈ। ਇਹ ਟਿੱਪਣੀਆਂ ਟਰੰਪ ਦੀ ਉਸ ਮੁਹਿੰਮ ਦੇ ਸੰਦਰਭ ਵਿਚ ਕੀਤੀਆਂ ਗਈਆਂ ਸਨ, ਜਿਸਦਾ ਉਦੇਸ਼ ਅਮਰੀਕਾ ਵਿਚ ਗੈਰ-ਨਾਗਰਿਕ ਮਾਪਿਆਂ ਤੋਂ ਜਨਮੇ ਬੱਚਿਆਂ ਲਈ ਜਨਮਜਾਤ ਨਾਗਰਿਕਤਾ ਨੂੰ ਖਤਮ ਕਰਨਾ ਸੀ। ਹਾਲ ਹੀ ਵਿਚ 'ਅਮਰੀਕਨ ਕਮਿਊਨਿਟੀ ਮੀਡੀਆ' ਵੱਲੋਂ ਆਯੋਜਿਤ ਇੱਕ ਬ੍ਰੀਫਿੰਗ ਵਿਚ, ਅਮਰੀਕਾ ਵਿਚ ਜਨਮਜਾਤ ਨਾਗਰਿਕਤਾ ਦਾ ਭਵਿੱਖ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜਨਮਜਾਤ ਨਾਗਰਿਕਤਾ ਹੁਣ ਦਹਾਕਿਆਂ ਦੀ ਸਭ ਤੋਂ ਮਹੱਤਵਪੂਰਨ ਕਾਨੂੰਨੀ ਲੜਾਈਆਂ ਵਿਚੋਂ ਇੱਕ ਦੇ ਕੇਂਦਰ ਵਿਚ ਹੈ। ਸੁਪਰੀਮ ਕੋਰਟ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਆਦੇਸ਼ ਨੂੰ ਦਿੱਤੀ ਗਈ ਚੁਣੌਤੀ 'ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਸਥਾਈ ਵੀਜ਼ਾ ਧਾਰਕਾਂ ਦੇ ਬੱਚਿਆਂ ਲਈ ਆਪਣੇ-ਆਪ ਨਾਗਰਿਕਤਾ ਮਿਲਣ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਹੈ।

ਇਸ ਵਿਚ ਨਾ ਸਿਰਫ 14ਵੀਂ ਸੋਧ ਨਾਲ ਜੁੜਿਆ ਸੰਵਿਧਾਨਕ ਸਵਾਲ ਦਾਅ 'ਤੇ ਹੈ, ਬਲਕਿ ਲੱਖਾਂ ਪ੍ਰਵਾਸੀ ਪਰਿਵਾਰਾਂ ਦਾ ਭਵਿੱਖ ਵੀ ਜੁੜਿਆ ਹੋਇਆ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਕੁਸ਼ਲ ਭਾਰਤੀ ਪ੍ਰਵਾਸੀਆਂ ਦੀ ਹੈ, ਜਿਨ੍ਹਾਂ ਦਾ ਜੀਵਨ ਅਤੇ ਭਵਿੱਖ ਦੀਆਂ ਯੋਜਨਾਵਾਂ ਜਨਮ ਤੋਂ ਨਾਗਰਿਕਤਾ ਪ੍ਰਾਪਤ ਕਰਨ ਦੇ ਵਾਅਦੇ ਨਾਲ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ। 20 ਜਨਵਰੀ, 2025 ਨੂੰ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿਚ ਇਹ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਮਰੀਕਾ ਦੇ 'ਅਧਿਕਾਰ ਖੇਤਰ ਦੇ ਅਧੀਨ' ਕੌਣ ਮੰਨਿਆ ਜਾਵੇਗਾ। 1 ਅਪ੍ਰੈਲ ਨੂੰ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋਣ ਤੋਂ ਬਾਅਦ, ਉਮੀਦ ਕੀਤੀ ਜਾ ਰਹੀ ਹੈ ਕਿ ਜੂਨ ਦੇ ਅੰਤ ਜਾਂ ਜੁਲਾਈ ਦੀ ਸ਼ੁਰੂਆਤ ਤੱਕ ਇਸ 'ਤੇ ਫੈਸਲਾ ਆ ਜਾਵੇਗਾ। ਭਾਰਤੀ ਪ੍ਰਵਾਸੀਆਂ ਲਈ ਇਸਦਾ ਸੰਭਾਵੀ ਪ੍ਰਭਾਵ ਬਹੁਤ ਗੰਭੀਰ ਹੈ।

ਕਈ ਲੋਕ ਐੱਚ-1ਬੀ ਵਰਗੇ ਅਸਥਾਈ ਵੀਜ਼ਾ 'ਤੇ ਅਮਰੀਕਾ ਵਿਚ ਰਹਿੰਦੇ ਅਤੇ ਕੰਮ ਕਰਦੇ ਹਨ ਅਤੇ ਗ੍ਰੀਨ ਕਾਰਡ ਦੀ ਲੰਬੀ ਉਡੀਕ ਕਾਰਨ ਅਕਸਰ ਸਾਲਾਂ ਜਾਂ ਦਹਾਕਿਆਂ ਤੱਕ ਇਸੇ ਸਥਿਤੀ ਵਿਚ ਰਹਿੰਦੇ ਹਨ। ਮੌਜੂਦਾ ਕਾਨੂੰਨ ਦੇ ਤਹਿਤ, ਅਮਰੀਕਾ ਵਿਚ ਪ੍ਰਵਾਸੀਆਂ ਦੇ ਜਨਮੇ ਬੱਚੇ ਜਨਮ ਤੋਂ ਹੀ ਨਾਗਰਿਕ ਹੁੰਦੇ ਹਨ। ਜੇਕਰ ਕਾਰਜਕਾਰੀ ਆਦੇਸ਼ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਤਾਂ ਇਹ ਰਾਹ ਬੰਦ ਹੋ ਜਾਵੇਗਾ। ਇਸ ਨਾਲ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਲਈ ਸਥਿਤੀ ਪੂਰੀ ਤਰ੍ਹਾਂ ਬਦਲ ਜਾਵੇਗੀ। ਇਮੀਗ੍ਰੇਸ਼ਨ ਨੀਤੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਥਾਈ ਨਿਵਾਸ (ਪੀ.ਆਰ.) ਲਈ ਲੰਬੀ ਉਡੀਕ ਕਰ ਰਹੇ ਪਰਿਵਾਰਾਂ ਨੂੰ ਅਨਿਸ਼ਚਿਤਤਾ ਦੀ ਇੱਕ ਨਵੀਂ ਪਰਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿ ਅਮਰੀਕਾ ਵਿਚ ਜਨਮੇ ਬੱਚਿਆਂ ਨੂੰ ਸ਼ਾਇਦ ਉਸ ਇਕਲੌਤੇ ਦੇਸ਼ ਵਿਚ ਰਹਿਣ ਦਾ ਕਾਨੂੰਨੀ ਅਧਿਕਾਰ ਨਾ ਮਿਲੇ, ਜਿਸਨੂੰ ਉਹ ਜਾਣਦੇ ਹਨ। ਪ੍ਰਿੰਸਟਨ ਯੂਨੀਵਰਸਿਟੀ ਦੇ ਮਾਹਿਰ ਡਾਕਟਰ ਫਿਲਿਪ ਕੋਨਰ ਨੇ ਅਨੁਮਾਨ ਲਗਾਇਆ ਹੈ ਕਿ ਜਨਮਜਾਤ ਨਾਗਰਿਕਤਾ ਦਾ ਲਾਭ ਲੈਣ ਵਾਲੇ ਵਿਅਕਤੀ ਸਮੇਂ ਦੇ ਨਾਲ ਅਮਰੀਕੀ ਆਰਥਿਕਤਾ ਵਿਚ ਖਰਬਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਦੇ ਵਿਸ਼ਲੇਸ਼ਣ ਅਨੁਸਾਰ, ਇਸ ਨੀਤੀ ਨੂੰ ਖਤਮ ਕਰਨ ਨਾਲ ਇੱਕ ਸਦੀ ਵਿਚ ਆਰਥਿਕ ਉਤਪਾਦਨ ਵਿਚ ਘੱਟੋ-ਘੱਟ 7.7 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਵਿਚੋਂ ਲਗਭਗ ਦੋ-ਤਿਹਾਈ ਲੋਕ ਉੱਚ ਸਿੱਖਿਆ ਵਾਲੇ ਕਿੱਤਿਆਂ ਜਿਵੇਂ ਕਿ ਸਿਹਤ ਸੇਵਾਵਾਂ, ਸਿੱਖਿਆ ਅਤੇ ਮੈਨੇਜਮੈਂਟ ਵਿਚ ਕੰਮ ਕਰਦੇ ਹਨ। ਕੋਨਰ ਨੇ ਕਿਹਾ ਕਿ ਜੇਕਰ ਤੁਸੀਂ ਲੱਖਾਂ ਭਵਿੱਖੀ ਕਾਮਿਆਂ ਨੂੰ ਹਟਾ ਦਿੰਦੇ ਹੋ, ਤਾਂ ਤੁਸੀਂ ਅਜਿਹੇ ਸਮੇਂ ਵਰਕਫੋਰਸ ਨੂੰ ਘਟਾ ਰਹੇ ਹੋ, ਜਦੋਂ ਅਮਰੀਕਾ ਪਹਿਲਾਂ ਹੀ ਬਜ਼ੁਰਗ ਹੋ ਰਿਹਾ ਹੈ।

'ਬਾਊਂਡਲੈੱਸ ਇਮੀਗ੍ਰੇਸ਼ਨ' ਦੇ ਸੀ.ਈ.ਓ. ਸ਼ਿਆਓ ਵਾਂਗ ਨੇ ਕਿਹਾ ਕਿ ਇਸ ਬਦਲਾਅ ਨਾਲ ਉੱਚ ਕੁਸ਼ਲ ਕਾਮੇ ਅਮਰੀਕਾ ਨੂੰ ਚੁਣਨ ਤੋਂ ਝਿਜਕ ਸਕਦੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ ਕੁਸ਼ਲ ਪ੍ਰਵਾਸੀਆਂ ਲਈ ਰਾਹ ਸਰਲ ਕਰ ਰਹੇ ਹਨ ਅਤੇ ਅਮਰੀਕਾ ਦੇ ਆਕਰਸ਼ਣ ਵਿਚ ਕਮੀ ਆਉਣ ਨਾਲ ਉਨ੍ਹਾਂ ਨੂੰ ਲਾਭ ਹੋ ਸਕਦਾ ਹੈ।

# ਟਰੰਪ ਨੂੰ ਵੱਡਾ ਝਟਕਾ: ਫੈਡਰਲ ਅਦਾਲਤ ਵੱਲੋਂ ਅਸਾਇਲਮ ਪਾਬੰਦੀ ਗੈਰਕਾਨੂੰਨੀ ਕਰਾਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਸਰਹੱਦ 'ਤੇ ਸ਼ਰਨ ਮੰਗਣ ਵਾਲਿਆਂ ਲਈ ਲਗਾਈ ਗਈ ਅਸਾਇਲਮ ਪਾਬੰਦੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ।

ਡਿਸਟ੍ਰਿਕਟ ਆਫ ਕੋਲੰਬੀਆ ਸਰਕਟ ਲਈ ਅਮਰੀਕੀ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਪੈਨਲ ਨੇ ਕਿਹਾ ਕਿ ਮੌਜੂਦਾ ਇਮੀਗ੍ਰੇਸ਼ਨ ਕਾਨੂੰਨਾਂ ਤਹਿਤ ਲੋਕਾਂ ਨੂੰ ਅਮਰੀਕੀ ਸਰਹੱਦ 'ਤੇ ਅਸਾਇਲਮ ਲਈ ਅਰਜ਼ੀ ਦੇਣ ਦਾ ਹੱਕ ਹੈ ਅਤੇ ਰਾਸ਼ਟਰਪਤੀ ਇਕੱਲੇ ਫੈਸਲੇ ਨਾਲ ਇਹ ਹੱਕ ਖਤਮ ਨਹੀਂ ਕਰ ਸਕਦੇ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕਾਂਗਰਸ ਨੇ ਕਦੇ ਵੀ ਕਾਰਜਕਾਰੀ ਸ਼ਾਖਾ ਨੂੰ ਇੰਨਾ ਵਿਸ਼ਾਲ ਅਧਿਕਾਰ ਨਹੀਂ ਦਿੱਤਾ ਕਿ ਉਹ ਮੌਜੂਦਾ ਕਾਨੂੰਨੀ ਪ੍ਰਕਿਰਿਆ ਨੂੰ ਰੱਦ ਕਰ ਦੇਵੇ। ਜੱਜਾਂ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਐਂਡ ਨੈਸ਼ਨੇਲਿਟੀ ਐਕਟ ਅਧੀਨ ਜਿਹੜੇ ਹੱਕ ਲੋਕਾਂ ਨੂੰ ਮਿਲੇ ਹੋਏ ਹਨ, ਉਨ੍ਹਾਂ ਨੂੰ ਪ੍ਰਸ਼ਾਸਨਿਕ ਹੁਕਮ ਨਾਲ ਨਹੀਂ ਹਟਾਇਆ ਜਾ ਸਕਦਾ।



ਇਹ ਮਾਮਲਾ ਉਸ ਕਾਰਜਕਾਰੀ ਹੁਕਮ ਨਾਲ ਜੁੜਿਆ ਹੈ, ਜੋ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਦਸਤਖ਼ਤ ਕਰਕੇ ਜਾਰੀ ਕੀਤਾ ਸੀ। ਉਸ ਹੁਕਮ ਵਿਚ ਦੱਖਣੀ ਸਰਹੱਦ 'ਤੇ 'invaison' ਦਾ ਹਵਾਲਾ ਦੇ ਕੇ ਅਸਾਇਲਮ ਪ੍ਰਕਿਰਿਆ ਨੂੰ ਰੋਕ ਦਿੱਤਾ ਗਿਆ ਸੀ ਅਤੇ ਸੀ.ਬੀ.ਪੀ. ਵਨ ਐਪ ਵੀ ਬੰਦ ਕਰ ਦਿੱਤੀ ਗਈ ਸੀ। ਇਹ ਐਪ ਪਹਿਲਾਂ ਜੋਅ ਬਾਇਡਨ ਸਰਕਾਰ ਵੱਲੋਂ ਬਾਰਡਰ 'ਤੇ ਆਉਣ ਵਾਲੇ ਲੋਕਾਂ ਦੀਆਂ ਅਪੁਆਇਟਮੈਂਟਾਂ ਅਤੇ ਅਸਾਇਲਮ ਸਕ੍ਰੀਨਿੰਗ ਲਈ ਵਰਤੀ ਜਾਂਦੀ ਸੀ।

ਇਸ ਫੈਸਲੇ ਨਾਲ ਹਜ਼ਾਰਾਂ ਉਨ੍ਹਾਂ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਰਾਹਤ ਮਿਲ ਸਕਦੀ ਹੈ, ਜੋ ਸਰਹੱਦ 'ਤੇ ਇੰਟਰਵਿਊ ਜਾਂ ਸੁਣਵਾਈ ਦੀ ਉਡੀਕ ਕਰ ਰਹੇ ਸਨ। ਹਾਲਾਂਕਿ ਅਦਾਲਤੀ ਹੁਕਮ ਤੁਰੰਤ ਲਾਗੂ ਨਹੀਂ ਹੋਵੇਗਾ ਕਿਉਂਕਿ ਟਰੰਪ ਪ੍ਰਸ਼ਾਸਨ ਇਸ ਖਿਲਾਫ਼ ਦੁਬਾਰਾ ਸੁਣਵਾਈ ਜਾਂ ਉੱਚ ਅਦਾਲਤ ਵਿਚ ਅਪੀਲ ਕਰ ਸਕਦਾ ਹੈ।

ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਅਦਾਲਤੀ ਫੈਸਲੇ ਨਾਲ ਅਸਹਿਮਤੀ ਜਤਾਈ ਹੈ। ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਇਸ ਮਾਮਲੇ ਦਾ ਆਖ਼ਰੀ ਸ਼ਬਦ ਨਹੀਂ ਅਤੇ ਸਰਕਾਰ ਸਰਹੱਦ ਸੁਰੱਖਿਆ, ਸਕ੍ਰੀਨਿੰਗ ਅਤੇ ਗੈਰ ਕਾਨੂੰਨੀ ਇਮੀਗ੍ਰੇਸ਼ਨ ਰੋਕਣ ਲਈ ਹਰ ਕਾਨੂੰਨੀ ਰਾਹ ਵਰਤੇਗੀ।

ਦੂਜੇ ਪਾਸੇ ਇਮੀਗ੍ਰੇਸ਼ਨ ਰਾਈਟਸ ਗਰੁੱਪ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। American Civil Liberties Union, Raices ਅਤੇ ਹੋਰ ਸੰਸਥਾਵਾਂ ਨੇ ਕਿਹਾ ਕਿ ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਰਾਸ਼ਟਰਪਤੀ ਕਾਂਗਰਸ ਵੱਲੋਂ ਬਣਾਏ ਅਸਾਇਲਮ ਕਾਨੂੰਨਾਂ ਨੂੰ ਇਕੱਲੇ ਖਤਮ ਨਹੀਂ ਕਰ ਸਕਦਾ।

ਇਹ ਫੈਸਲਾ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਜੇਕਰ ਅਪੀਲ ਵਿਚ ਵੀ ਇਹ ਫੈਸਲਾ ਕਾਇਮ ਰਹਿੰਦਾ ਹੈ, ਤਾਂ ਬਾਰਡਰ ਅਸਾਇਲਮ ਪ੍ਰਕਿਰਿਆ ਮੁੜ ਸ਼ੁਰੂ ਹੋ ਸਕਦੀ ਹੈ ਅਤੇ ਸ਼ਰਨ ਮੰਗਣ ਵਾਲਿਆਂ ਨੂੰ ਬਣਦੀ ਪ੍ਰਕਿਰਿਆ ਦੇ ਹੱਕ ਮੁੜ ਮਿਲ ਸਕਦੇ ਹਨ। ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਵੀ ਇਹ ਖ਼ਬਰ ਮਹੱਤਵਪੂਰਨ ਹੈ ਕਿਉਂਕਿ ਅਸਾਇਲਮ ਕੇਸਾਂ 'ਤੇ ਇਸਦਾ ਸਿੱਧਾ ਅਸਰ ਪੈ ਸਕਦਾ ਹੈ।

# ਅਮਰੀਕਾ ਅਤੇ ਇਜ਼ਰਾਈਲ 'ਤੇ ਲੱਗੇ ਬੱਦਲ ਚੋਰੀ ਕਰਨ ਦੇ ਦੋਸ਼

ਇਰਾਕ
ਸਾਂਝੀ ਸੋਚ ਬਿਊਰੋ

ਈਰਾਨ ਯੁੱਧ ਦੇ ਵਿਚਕਾਰ, ਇਰਾਕੀ ਸੰਸਦ ਮੈਂਬਰ ਅਬਦੁੱਲਾ ਅਲ-ਖੈਖਾਨੀ ਨੇ ਅਮਰੀਕਾ ਅਤੇ ਇਜ਼ਰਾਈਲ 'ਤੇ ਮੱਧ ਪੂਰਬ ਵਿੱਚ ਬੱਦਲ ਚੋਰੀ ਕਰਨ ਦਾ ਦੋਸ਼ ਲਗਾਇਆ ਹੈ। ਅਬਦੁੱਲਾ ਅਲ-ਖੈਖਾਨੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਕਈ ਸਾਲਾਂ ਤੋਂ ਹਵਾਈ ਜਹਾਜ਼ਾਂ ਦੀ ਵਰਤੋਂ ਕਰਕੇ ਮੱਧ ਪੂਰਬ ਵਿੱਚ ਬੱਦਲ ਚੋਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਖੇਤਰ ਵਿੱਚ ਲੰਬੇ ਸਮੇਂ ਤੋਂ ਸੋਕਾ ਝੱਲ ਰਿਹਾ ਹੈ। ਸੰਸਦ ਮੈਂਬਰ ਨੇ ਦਾਅਵਾ ਕੀਤਾ ਕਿ ਹੁਣ ਜਦੋਂ ਅਮਰੀਕਾ ਅਤੇ ਇਜ਼ਰਾਈਲ ਈਰਾਨ ਨਾਲ ਲੜਾਈ ਵਿੱਚ ਰੁੱਝੇ ਹੋਏ ਹਨ, ਤਾਂ ਬਾਰਿਸ਼ ਵਾਪਸ ਆ ਗਈ ਹੈ। ਬਿਆਨ ਸਾਹਮਣੇ ਆਉਣ ਤੋਂ ਬਾਅਦ, ਸੋਸ਼ਲ ਮੀਡੀਆ 'ਤੇ ਇਸ ਦਾਅਵੇ ਬਾਰੇ ਚਰਚਾਵਾਂ ਅਤੇ ਅਫਵਾਹਾਂ ਤੇਜ਼ ਹੋ ਗਈਆਂ। ਹਾਲਾਂਕਿ ਮੌਸਮ ਮਾਹਿਰਾਂ ਨੇ ਕਿਹਾ ਕਿ ਅਜਿਹੀ ਕੋਈ ਤਕਨਾਲੋਜੀ ਮੌਜੂਦ ਨਹੀਂ ਹੈ ਜੋ ਬੱਦਲ ਚੋਰੀ ਕਰ ਸਕੇ। ਇਰਾਕ ਮੌਸਮ ਵਿਭਾਗ ਦੇ ਬੁਲਾਰੇ ਅਮਰ ਅਲ-ਜਬੀਰੀ ਨੇ ਇਸ ਦਾਅਵੇ ਨੂੰ ਨਾ ਤਾਂ ਵਿਗਿਆਨਕ ਅਤੇ ਨਾ ਹੀ ਤਰਕਪੂਰਨ ਦੱਸਿਆ। ਉਨ੍ਹਾਂ ਕਿਹਾ ਕਿ ਪਿਛਲੇ ਸਤੰਬਰ ਦੇ ਸ਼ੁਰੂ ਵਿੱਚ, ਇਹ ਭਵਿੱਖਬਾਣੀ ਕੀਤੀ ਗਈ ਸੀ ਕਿ 2026 ਇਰਾਕ ਲਈ ਬਰਸਾਤੀ ਸਾਲ ਹੋਵੇਗਾ। ਮਾਹਿਰਾਂ ਨੇ ਲੋਕਾਂ ਨੂੰ ਮੌਸਮ ਨਾਲ ਸਬੰਧਤ ਝੂਠੇ ਦਾਅਵਿਆਂ ਅਤੇ ਸਾਜ਼ਿਸ਼ ਸਿਧਾਂਤਾਂ ਤੋਂ ਬਚਣ ਦੀ ਅਪੀਲ ਕੀਤੀ ਹੈ। ਅਲ-ਖੈਖਾਨੀ ਨੇ ਦਾਅਵਾ ਕੀਤਾ ਕਿ ਮੱਧ ਪੂਰਬ ਵਿੱਚ ਮੌਸਮ ਬਦਲਣ ਵਾਲੇ ਹਥਿਆਰਾਂ ਦੀ ਵਰਤੋਂ ਕਰਕੇ ਸੋਕਾ ਪਿਆ ਸੀ। ਉਸਨੇ ਦੋਸ਼ ਲਗਾਇਆ ਕਿ ਜਾਣਬੁੱਝ ਕੇ ਵਾਤਾਵਰਣ ਨੂੰ ਬਦਲ ਕੇ ਬਾਰਿਸ਼ ਨੂੰ ਰੋਕਿਆ ਗਿਆ ਸੀ। ਬੀਬੀਸੀ ਦੀ ਇੱਕ ਰਿਪੋਰਟ ਦੇ ਅਨੁਸਾਰ, ਖੈਖਾਨੀ ਨੇ ਕਿਹਾ ਕਿ ਇੱਕ "ਵਾਯੂਮੰਡਲ ਸੋਧ ਹਥਿਆਰ" ਦੀ ਵਰਤੋਂ ਕੀਤੀ ਗਈ ਸੀ। ਉਸਨੇ ਦਾਅਵਾ ਕੀਤਾ ਕਿ ਇਸ ਤਕਨਾਲੋਜੀ ਦੀ ਵਰਤੋਂ ਮੱਧ ਪੂਰਬ ਵਿੱਚ ਸੋਕਾ ਪੈਦਾ ਕਰਨ ਲਈ ਵਾਤਾਵਰਣ ਨੂੰ ਬਦਲਣ ਲਈ ਕੀਤੀ ਗਈ ਸੀ। ਕੁਝ ਲੋਕਾਂ ਨੇ ਤੁਰਕੀ ਵਿੱਚ ਭਾਰੀ ਬਾਰਿਸ਼ ਨੂੰ ਵੀ ਇਸ ਕਥਿਤ ਸਾਜ਼ਿਸ਼ ਨਾਲ ਜੋੜਿਆ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਯੁੱਧ ਨੇ ਅਮਰੀਕੀ ਜਹਾਜ਼ਾਂ ਨੂੰ ਤੁਰਕੀ ਦੇ ਹਵਾਈ ਖੇਤਰ ਵਿੱਚ ਦਾਖਲ ਹੋਣ ਤੋਂ ਰੋਕਿਆ, ਜਿਸ ਕਾਰਨ ਉੱਥੇ ਲਗਾਤਾਰ ਬਾਰਿਸ਼ ਹੋਈ। ਇਸ ਪੋਸਟ ਨੂੰ 10 ਲੱਖ ਤੋਂ ਵੱਧ ਵਾਰ ਦੇਖਿਆ ਗਿਆ। ਕੁਝ ਉਪਭੋਗਤਾਵਾਂ ਨੇ ਦਾਅਵਾ ਕੀਤਾ ਕਿ ਈਰਾਨ ਵਿੱਚ ਦਹਾਕਿਆਂ ਤੋਂ ਚੱਲ ਰਿਹਾ ਸੋਕਾ ਅਮਰੀਕੀ ਠਿਕਾਣਿਆਂ 'ਤੇ ਹਮਲੇ ਦੇ ਪੰਜ ਦਿਨਾਂ ਦੇ ਅੰਦਰ ਖਤਮ ਹੋ ਗਿਆ।




Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਟਰੰਪ ਦੀ ਨਵੀਂ ਪੋਸਟ ਨੇ ਵਧਾਈ ਟੈਨਸ਼ਨ !

ਲੁਧਿਆਣਾ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੰਦੂਕ ਵਾਲੀ ਫੋਟੋ ਤੋਂ ਬਾਅਦ ਇੱਕ ਹੋਰ ਪੋਸਟ ਸਾਂਝੀ ਕੀਤੀ ਹੈ। ਇਸ ਵਾਰ ਉਨ੍ਹਾਂ ਨੇ ਕਿਹਾ ਕਿ ਤੂਫਾਨ ਆ ਰਿਹਾ ਹੈ।




ਅਮਰੀਕੀ ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ' 'ਤੇ ਇੱਕ ਅੀ ਦੁਆਰਾ ਬਣਾਈ ਗਈ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਲਿਖਿਆ, 'ਤੂਫਾਨ ਆਉਣ ਵਾਲਾ ਹੈ ਅਤੇ ਉਸਨੂੰ ਕੋਈ ਨਹੀਂ ਰੋਕ ਸਕਦਾ।'

ਇਹ ਪੋਸਟ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਵਧਿਆ ਹੋਇਆ ਹੈ। ਡੋਨਾਲਡ ਟਰੰਪ ਵੱਲੋਂ ਸਾਂਝੀ ਕੀਤੀ ਪੋਸਟ ਦੇ ਕਈ ਮਾਇਨੇ ਕੱਢੇ ਜਾ ਰਹੇ ਹਨ।

ਇਹ ਪੋਸਟ ਉਸ ਸਮੇਂ ਕੀਤੀ ਗਈ ਜਦੋਂ ਈਰਾਨ ਨੇ ਪ੍ਰਸਤਾਵਿਤ ਜੰਗਬੰਦੀ ਸਮਝੌਤੇ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਗਿਆ ਹੈ, ਪਰ ਇਸ ਨੂੰ ਈਰਾਨ ਦੇ ਖਿਲਾਫ ਕਿਸੇ ਵੱਡੇ ਫੌਜੀ ਆਪਰੇਸ਼ਨ ਦੀ ਚੇਤਾਵਨੀ ਵਜੋਂ ਦੇਖਿਆ ਜਾ ਰਿਹਾ ਹੈ।

ਦੂਜੇ ਪਾਸੇ, ਮਿਡਲ ਈਸਟ ਵਿੱਚ ਜੰਗ ਦੇ ਵਿਚਕਾਰ ਕੱਚੇ ਤੇਲ ਦੀ ਕੀਮਤ 120 ਡਾਲਰ ਪ੍ਰਤੀ ਬੈਰਲ ਦੇ ਪਾਰ ਪਹੁੰਚ ਗਈ ਹੈ। ਰਿਪੋਰਟਾਂ ਅਨੁਸਾਰ ਬ੍ਰੈਂਟ ਕਰੂਡ ਕਰੀਬ 121ਡਾਲਰ ਪ੍ਰਤੀ ਬੈਰਲ ਤੱਕ ਚਲਾ ਗਿਆ, ਜੋ ਮਾਰਚ 2022 ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ।

# ਰਈਆ ਮੰਡੀ ਵਿੱਚੋਂ ਕਣਕ ਦੀ ਲਿਫਟਿੰਗ ਨਾ ਹੋਣ ਕਰਕੇ ਮਜਦੂਰਾਂ ਵੱਲੋਂ ਅਧਿਕਾਰੀਆਂ ਦਾ ਪਿਟ ਸਿਆਪਾ

ਰਈਆ
ਅਮਰਵੀਰ ਆਜ਼ਾਦ



ਰਈਆ ਦੀ ਅਨਾਜ ਮੰਡੀ ਵਚੋਂ ਕਣਕ ਦੀ ਲਿਫਟਿੰਗ ਨਾ ਹੋਣ ਤੋਂ ਦੁਖੀ ਮਜਦੂਰਾਂ ਵਲੋਂ ਅਨਾਜ ਮੰਡੀ ਮਜਦੂਰ ਯੂਨੀਅਨ ਦੀ ਅਗਵਾਈ ਹੇਠ ਅਧਿਕਾਰੀਆਂ ਦਾ ਪਿਟ ਸਿਆਪਾ ਕੀਤਾ ਗਿਆ ਤੇ ਜਲਦੀ ਤੋਂ ਜਲਦੀ ਲਿਫਟਿੰਗ ਕੀਤੇ ਜਾਣ ਦੀ ਚੇਤਾਵਨੀ ਦਿਤੀ ਗਈ। ਇਸ ਮੌਕੇ ਯੂਨੀਅਨ ਦੇ ਜਿਲ੍ਹਾ ਪ੍ਰਧਾਂਨ ਨਾਜਰ ਸਿੰਘ, ਰਈਆ ਮੰਡੀ ਦੇ ਪ੍ਰਧਾਨ ਮੋਹਣ ਸਿੰਘ ਫੇਰੂਮਾਨ, ਸੈਕਟਰੀ ਬਲਵੰਤ ਸਿੰਘ, ਪ੍ਰਧਾਨ ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਭਿੰਡਰ, ਮੋਤੀਲਾਲ, ਸੁਖਪਾਲ ਸਿੰਘ ਵਡਾਲਾ, ਵਿਕੀ ਚੀਮਾਬਾਠ, ਵਿਜੈ ਕੁਮਾਰ, ਬਾਲੀ, ਰਾਮੂੰ ਚੌਧਰੀ, ਬਚਨ ਸ਼ਰਮਾ ਤੇ ਨਿਰਮਲ ਸਿੰਘ ਬਦੇਸ਼ਾ ਆਦਿ ਹਾਜਿਰ ਸਨ। ਇਸ ਮੌਕੇ ਮਜਦੂਰ ਆਗੂਆਂ ਨੇ ਦੱਸਿਆ ਕਿ ਇਸ ਵਾਰ ਮੌਸਮ ਖਰਾਬ ਹੋਣ ਕਰਕੇ ਕਣਕ ਦਾ ਸੀਜਨ ਸਿਰਫ ਇੱਕ ਹਫਤਾ ਹੀ ਚਲ ਪਾਇਆ ਹੈ। ਹੁਣ ਮੰਡੀ ਵਚੋਂ ਲਿਫਟਿੰਗ ਸੁਸਤ ਹੋਣ ਕਰਕੇ ਮਜਦੂਰ ਵਿਹਲੇ ਬੈਠ ਕੇ ਖਾ ਰਹੇ ਹਨ। ਜੇ ਇਹੀ ਹਾਲ ਰਿਹਾ ਤਾਂ ਮਜਦੂਰਾਂ ਨੇ ਖਾਸ ਕਰਕੇ ਪ੍ਰਵਾਸੀ ਮਜਦੂਰਾਂ ਵਲੋਂ ਹੱਡ ਭੰਨਵੀਂ ਮਿਹਨਤ ਨਾਲ ਕਮਾਇਆ ਪੈਸਾ ਧੇਲਾ ਜਿਹੜਾ ਪਿਛੇ ਆਪਣੇ ਪ੍ਰੀਵਾਰਾਂ ਲਈ ਲੈ ਕੇ ਜਾਣਾ ਹੈ ਉਹ ਇਥੇ ਹੀ ਖਾਧਾ ਜਾਣਾ ਹੈ ਉਨ੍ਹਾ ਦੱਸਿਆ ਕਿ ਇਸ ਦਾ ਅਸਲ ਕਾਰਣ ਗੁਦਾਮਾਂ ਵਿੱਚ ਮਾਲ ਉਤਾਰਨ ਵਾਲੇ ਮਜਦੂਰਾਂ ਦੇ ਠੇਕੇਦਾਰ ਕੋਲ ਲੋੜੀਂਦੇ ਮਜਦੂਰ ਨਾ ਹੋਣ ਕਰਕੇ ਗੱਡੀਆਂ ਜਲਦੀ ਖਾਲੀ ਨਹੀਂ ਹੋ ਰਹੀਆਂ ਜਿਸ ਦਾ ਖਮਿਆਜਾ ਸਾਨੂੰ ਭੁਗਤਣਾ ਪੈ ਰਿਹਾ ਹੈ। ਦੂਜਾ ਗੁਦਾਮ ਵੀ ਪੂਰੀ ਤਰਾਂ ਖਾਲੀ ਨਹੀਂ ਹੋ ਸਕੇ ਤੇ ਟਰਾਂਸਪੋਰਟ ਠੇਕੇਦਾਰ ਕੋਲ ਗੱਡੀਆਂ ਵੀ ਘੱਟ ਹਨ। ਉਨ੍ਹਾਂ ਕਿਹਾ ਮਾਰਕੀਟ ਕਮੇਟੀ ਦੇ ਅਧਿਕਾਰੀ ਵੀ ਅੱਖਾਂ ਮੀਟ ਕੇ ਤਮਾਸ਼ਾ ਵੇਖ ਰਹੇ ਹਨ । ਸਾਡੀ ਕੋਈ ਸਾਰ ਨਹੀਂ ਲੈ ਰਿਹਾ। ਉਨ੍ਹਾਂ ਚੇਤਾਵਨੀ ਦਿਤੀ ਕਿ ਜੇ ਸਾਡੀ ਮੁਸ਼ਕਲ ਦਾ ਹੱਲ ਨਾ ਕੀਤਾ ਗਿਆ ਤਾਂ ਸਾਨੂੰ ਮਜਬੂਰਨ ਜੀ.ਟੀ ਰੋਡ ਜਾਮ ਕਰਨਾ ਪਵੇਗਾ।

# ਮੱਧ ਪ੍ਰਦੇਸ਼ 'ਚ ਵੱਡਾ ਹਾਦਸਾ: ਬਰਗੀ ਡੈਮ ਵਿੱਚ ਸੈਲਾਨੀਆਂ ਨਾਲ ਭਰਿਆ ਕਰੂਜ਼ ਡੁੱਬਿਆ, 4 ਲਾਸ਼ਾਂ ਬਰਾਮਦ



ਜਬਲਪੁਰ
ਸਾਂਝੀ ਸੋਚ ਬਿਊਰੋ

ਮੱਧ ਪ੍ਰਦੇਸ਼ ਦੇ ਜਬਲਪੁਰ ਵਿੱਚ ਨਰਮਦਾ ਨਦੀ 'ਤੇ ਬਣੇ ਬਰਗੀ ਡੈਮ ਵਿੱਚ ਵੀਰਵਾਰ ਸ਼ਾਮ ਸੈਲਾਨੀਆਂ ਨਾਲ ਭਰਿਆ ਇੱਕ ਕਰੂਜ਼ ਡੁੱਬ ਗਿਆ।

ਜਾਣਕਾਰੀ ਮੁਤਾਬਕ ਐਮਪੀ ਟੂਰਿਜ਼ਮ ਦੇ ਇਸ ਕਰੂਜ਼ ਵਿੱਚ 29 ਸੈਲਾਨੀ ਸਵਾਰ ਸਨ, ਜਿਨ੍ਹਾਂ ਵਿੱਚੋਂ 4 ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ ਅਤੇ 15 ਲੋਕ ਤੈਰ ਕੇ ਬਾਹਰ ਆ ਗਏ ਹਨ।

ਸੂਚਨਾ ਮਿਲਦੇ ਹੀ ਸ਼ਧ੍ਰਢ ਦੀ ਟੀਮ ਵੀ ਬਚਾਅ ਕਾਰਜ ਲਈ ਮੌਕੇ 'ਤੇ ਪਹੁੰਚ ਗਈ। ਮ੍ਰਿਤਕਾ 'ਚ ਦੋ ਔਰਤਾਂ ਸ਼ਾਮਲ ਹਨ। ਉੱਥੇ ਹੀ 8 ਲੋਕ ਅਜੇ ਵੀ ਲਾਪਤਾ ਹਨ।

ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਅਚਾਨਕ ਆਏ ਤੂਫ਼ਾਨ ਕਾਰਨ ਕਰੂਜ਼ ਆਪਣਾ ਸੰਤੁਲਨ ਗੁਆ ਬੈਠਾ ਅਤੇ ਡੁੱਬ ਗਿਆ। ਜ਼ਿਕਰਯੋਗ ਹੈ ਕਿ ਪਹਿਲਾਂ ਕਰੂਜ਼ ਵਿੱਚ 30 ਤੋਂ ਵੱਧ ਲੋਕਾਂ ਦੇ ਹੋਣ ਦੀ ਖ਼ਬਰ ਆਈ ਸੀ। ਜ਼ਖਮੀਆਂ ਦਾ ਇਲਾਜ ਜਬਲਪੁਰ ਮੈਡੀਕਲ ਕਾਲਜ ਵਿੱਚ ਚੱਲ ਰਿਹਾ ਹੈ।

# ਨਾਂ ਦੀ ਬਦਲੀ

ਮੈਂ, ਦੀਪਕ ਪੁੱਤਰ ਰਾਜਿੰਦਰ ਸਿੰਘ ਪਿੰਡ ਘੋਗਰੀਪੁਰ, ਤਹਿਸੀਲ ਅਤੇ ਜ਼ਿਲ੍ਹਾ ਕਰਨਾਲ, ਹਰਿਆਣਾ, ਭਾਰਤ ਦਾ ਰਹਿਣ ਵਾਲਾ ਹਾਂ। ਮੈਂ ਆਪਣਾ ਨਾਮ ਦੀਪਕ ਤੋਂ ਬਦਲ ਕੇ ਦੀਪਕ ਮਾਨ ਰੱਖ ਲਿਆ ਹੈ। ਹੁਣ ਤੋਂ ਮੇਰਾ ਪਹਿਲਾ ਨਾਮ ਦੀਪਕ ਅਤੇ ਆਖਰੀ ਨਾਮ ਮਾਨ ਹੋਵੇਗਾ। ਸਬੰਧਿਤ ਨੋਟ ਕਰਨ।

# Change Of Name

I,Deepak S/o Rajinder Singh R/o Vilage Ghogripur, Tehsil & District Karnal, Haryana, India state that I wish to change my name from Deepak to Deepak Maan for the future. My first name will be Deepak and last name will be Maan. All concerned please note.



# RAKHI ISRANI
## Democrat for U.S. Congress

ਮੈਂ ਇੱਕ ਕਾਰੋਬਾਰ ਬਣਾਇਆ ਹੈ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਹਨ
ਅਤੇ ਉਨ੍ਹਾਂ ਪਰਿਵਾਰਾਂ ਨਾਲ ਕੰਮ ਕੀਤਾ ਹੈ
ਜੋ ਚੱਲਣ ਲਈ ਸੰਘਰਸ਼ ਕਰ ਰਹੇ ਹਨ।

**ਮੈਂ ਉਨ੍ਹਾਂ ਲਈ ਲੜਨ ਲਈ ਕਾਂਗਰਸ ਲਈ ਚੋਣ ਲੜ ਰਹੀ ਹਾਂ**



## ਕਾਂਗਰਸ ਦੇ ਤੁਹਾਡੇ ਅਗਲੇ ਮੈਂਬਰ ਵਜੋਂ
## ਰਾਖੀ ਇਸ ਲਈ ਲੜੇਗੀ :

- ਪੂਰਬੀ ਖਾੜੀ ਨੂੰ ਹਰ ਪਰਿਵਾਰ ਲਈ ਕਿਫਾਇਤੀ ਬਣਾਓ
- ਪ੍ਰਵਾਸੀ ਪਰਿਵਾਰਾਂ ਦੀ ਰੱਖਿਆ ਕਰੋ ਅਤੇ ਇੱਕ ਅਜਿਹਾ ਸਿਸਟਮ ਮੰਗੋ ਜੋ ਕੰਮ ਕਰੇ
- ਵਾਸ਼ਿੰਗਟਨ ਨੂੰ ਸਾਫ਼ ਕਰੋ ਅਤੇ ਲੋਕਤੰਤਰ ਬਚਾਓ
- Snap ਅਤੇ ਮੈਡੀਕੇਅਰ ਫੰਡਿੰਗ ਵਿੱਚ ਕਟੌਤੀਆਂ ਨੂੰ ਬਹਾਲ ਕਰੋ

www.RakhiForCongress.com 'ਤੇ ਹੋਰ ਜਾਣੋ

## ਰਾਖੀ ਇਸਰਾਨੀ ਪ੍ਰਵਾਸੀਆਂ ਦੀ ਧੀ ਹੈ
## ਜੋ ਅਮਰੀਕਾ ਵਿੱਚ ਸਿਰਫ਼ ਦ੍ਰਿੜ ਇਰਾਦੇ ਨਾਲ ਆਈ ਸੀ।

ਉਸਨੇ ਆਪਣੇ ਮਾਪਿਆਂ ਨੂੰ ਮੁੱਢ ਤੋਂ ਜੀਵਨ ਬਣਾਉਂਦੇ ਦੇਖਿਆ ਅਤੇ ਫਿਰ ਉਸਨੇ ਵੀ ਅਜਿਹਾ ਹੀ ਕੀਤਾ।
ਰਾਖੀ ਨੇ ਇੱਕ ਈਸਟ ਬੇ ਐਜੁਕੇਸ਼ਨ ਕੰਪਨੀ ਦੀ ਸਥਾਪਨਾ ਕੀਤੀ ਜੋ ਇੱਕ ਦੇਸ਼ ਵਿਆਪੀ ਕਾਰਜ ਵਿੱਚ ਵਧੀ
ਸੈਂਕੜੇ ਨੌਕਰੀਆਂ ਪੈਦਾ ਕੀਤੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਕਾਲਜ ਅਤੇ ਇਸ ਤੋਂ ਅੱਗੇ ਪਹੁੰਚਣ ਵਿੱਚ ਮਦਦ ਕੀਤੀ।





ਇੱਕ ਵਕੀਲ, ਸਿੱਖਿਅਕ, ਗੈਰ-ਮੁਨਾਫ਼ਾ ਆਗੂ, ਅਤੇ ਕਾਰੋਬਾਰੀ ਮਾਲਕ ਹੋਣ ਦੇ ਨਾਤੇ, ਜਿਸਨੇ ਈਸਟ ਬੇ ਵਿੱਚ ਆਪਣੇ ਚਾਰ ਬੱਚਿਆਂ ਦੀ ਪਰਵਰਿਸ਼ ਕਰਨ ਵਿੱਚ 20 ਸਾਲ ਬਿਤਾਏ ਹਨ, ਰਾਖੀ ਜਾਣਦੀ ਹੈ ਕਿ ਇੱਥੇ ਕਿਹੜੇ ਪਰਿਵਾਰ ਹਨ। ਉਸਨੇ ਰਹਿਣ-ਸਹਿਣ ਦੀ ਲਾਗਤ ਨੂੰ ਅਸਮਾਨ ਛੂਹਦੇ ਦੇਖਿਆ ਹੈ ਜਦੋਂ ਕਿ ਵਾਸ਼ਿੰਗਟਨ ਹੋਰ ਵੀ ਵਿਘਨਕਾਰੀ ਅਤੇ ਸੰਪਰਕ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਉਸਨੇ ਇਸ ਬਾਰੇ ਕੁਝ ਕਰਨ ਦਾ ਫੈਸਲਾ ਕੀਤਾ ਹੈ। ਉਹ ਨਤੀਜੇ ਦੇਣ ਲਈ ਕਾਂਗਰਸ ਲਈ ਚੋਣ ਲੜ ਰਹੀ ਹੈ ਰਾਜਨੀਤਿਕ ਸ਼ੋਰ ਨਹੀਂ।



**Learn more at www.RakhiForCongress.com**


A Kimi Verma Production in collaboration with TV Asia
APPLY NOW
Miss & Mrs Punjaban USA 2026
Miss & Mrs India Global USA 2026
Beauty - Brains - Personality
(Participation, Tickets & Tables)
Call/ Text for info: 530-650-2777
31st May
Sunday
Red Carpet 02:00 pm
Show Time 03:00 pm
Tables & Tickets
Text/ Call 530-650-2777
TITLES YOU CAN WIN:
- Miss Punjaban USA (18 to 39 yrs old)
- Mrs. Punjaban USA ( 21 to 59)
- Miss India Global USA ( 18 to 39 yrs old)
- Mrs. India Global USA (21 to 59 yrs old)
- Grace of Punjab (60+yrs)
- Grace of India (60+ yrs)
BOLLYWOOD DANCE PARTY 6:00 PM
Scan QR Code for Registration
kimi.verma
DoubleTree by HILTON Los Angeles-Norwalk-Buena Park, 13111 Sycamore Drive, Norwalk, CA 90650


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਜਾਅਲੀ ਕਾਗ਼ਜ਼ਾਤਾਂ ਦੇ ਆਧਾਰ 'ਤੇ ਨੌਕਰੀ ਕਰਦੇ ਵਿਅਕਤੀ ਵਿਰੁੱਧ ਕਾਰਵਾਈ ਦੀ ਮੰਗ

ਬਾਬਾ ਬਕਾਲਾ
ਬਲਰਾਜ ਸਿੰਘ ਰਾਜਾ

ਨਗਰ ਪੰਚਾਇਤ ਰਈਆ ਵਿੱਚ ਸਰਕਾਰੀ ਬਾਬੂਆਂ ਦੀ ਕਥਿਤ ਮਿਲੀਭੁਗਤ ਨਾਲ ਜਾਅਲੀ ਕਾਗ਼ਜ਼ਾਤ ਦੇ ਆਧਾਰ ਤੇ ਨੌਕਰੀ ਕਰਦੇ ਵਿਅਕਤੀ ਖ਼ਿਲਾਫ਼ ਐੱਸ.ਡੀ.ਐੱਮ ਬਾਬਾ ਬਕਾਲਾ ਸਾਹਿਬ ਦੇ ਕੋਲ ਮ੍ਰਿਤਕ ਦੇ ਭਰਾ ਨੇ ਸ਼ਿਕਾਇਤ ਦਰਜ ਕਰਵਾਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਰਕੇਸ਼ ਕੁਮਾਰ ਦੇ ਭਰਾ ਦੀਪੂ ਪੁੱਤਰ ਗੁੱਠੀਆ ਨੇ ਜਸ਼ਨਜੀਤ ਸਿੰਘ ਐੱਸ.ਡੀ ਐੱਮ ਬਾਬਾ ਬਕਾਲਾ ਸਾਹਿਬ ਨੂੰ ਲਿਖਤੀ ਸ਼ਿਕਾਇਤ ਦੇ ਦੀਆਂ ਦੱਸਿਆ ਕਿ ਮੇਰਾ ਭਰਾ ਰਕੇਸ਼ ਨਗਰ ਪੰਚਾਇਤ ਰਈਆ ਵਿੱਚ ਰੈਗੂਲਰ ਸਫ਼ਾਈ ਕਰਮਚਾਰੀ ਦੀ ਪੱਕੀ ਨੌਕਰੀ ਕਰਦਾ ਸੀ ਜਿਸ ਦੀ 29 ਜਨਵਰੀ 2024 ਨੂੰ ਮੌਤ ਹੋ ਗਈ। ਉਹ ਕੁਆਰਾ ਸੀ ਜਿਸ ਬਾਰੇ ਨਗਰ ਪੰਚਾਇਤ ਰਈਆ ਦੇ ਸਾਰੇ ਕਰਮਚਾਰੀਆਂ ਨੂੰ ਪਤਾ ਸੀ ਅਤੇ ਮੈ ਆਪਣੇ ਮ੍ਰਿਤਕ ਭਰਾ ਦਾ ਇਕੱਲਾ ਕਾਨੂੰਨੀ ਵਾਰਿਸ ਹਾਂ।ਨਗਰ ਪੰਚਾਇਤ ਦੇ ਕਰਮਚਾਰੀਆਂ ਵੱਲੋਂ ਮੇਰੇ ਭਰਾ ਦੀ ਮੌਤ ਤੋ ਬਾਅਦ ਗੱਬਰ ਪੁੱਤਰ ਲੱਖੀਂ ਵਾਸੀ ਧਿਆਨਪੁਰ ਨੇ ਆਪਣੇ ਹੋਰ ਸਾਥੀਆ ਨਾਲ ਮਿਲੀਭੁਗਤ ਕਰਕੇ ਮੇਰੇ ਭਰਾ ਦੀ ਮੌਤ ਦਾ ਸਰਟੀਫਿਕੇਟ ਬਣਾ ਲਿਆ ਜਿਸ ਵਿੱਚ ਕਿਸੇ ਸਮਿਤਰੀ ਦੇਵੀ ਨੂੰ ਉਸ ਦੀ ਪਤਨੀ ਲਿਖਾ ਦਿੱਤਾ ਅਤੇ ਬਾਅਦ ਵਿੱਚ ਨਗਰ ਪੰਚਾਇਤ ਰਈਆ ਦੇ ਮੁਲਾਜ਼ਮਾਂ/ਕਲਰਕਾ ਨਾਲ ਮਿਲੀਭੁਗਤ ਕਰਕੇ ਗੱਬਰ ਸਿੰਘ ਨੇ ਨਗਰ



ਪੰਚਾਇਤ ਵਿੱਚ ਮੇਰੇ ਮ੍ਰਿਤਕ ਭਰਾ ਦੀ ਜਗਾ ਤਰਸ ਦੇ ਆਧਾਰ ਤੇ ਨੌਕਰੀ ਲੈ ਲਈ ਹੈ। ਮੈਨੂੰ ਪਤਾ ਲੱਗਣ ਤੇ ਮੈਂ ਮੁੱਖ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਦਰਖਾਸਤਾਂ ਦਿੱਤੀਆਂ ਤਾਂ ਨਗਰ ਪੰਚਾਇਤ ਰਈਆ ਦੇ ਕਲਰਕ ਨੇ ਮੈਨੂੰ ਡਰਾਇਆ ਧਮਕਾਇਆ।ਇੰਨਾ ਨੇ ਆਪਸੀ ਮਿਲੀਭੁਗਤ ਨਾਲ ਮੇਰੇ ਮ੍ਰਿਤਕ ਭਰਾ ਰਕੇਸ਼ ਕੁਮਾਰ ਦੇ ਗ਼ਲਤ ਤਰੀਕੇ ਜਾਅਲੀ ਕਾਗ਼ਜ਼ਾਤ ਦੇ ਆਧਾਰ ਤੇ ਫ਼ੰਡ ਕਢਵਾ ਕੇ ਹੜੱਪ ਕਰਕੇ ਸਰਕਾਰ ਨੂੰ ਵੀ ਚੂਨਾ ਲਾਇਆ ਹੈ। ਹੁਣ ਦੁਬਾਰਾ ਈ.ਓ ਨਗਰ ਪੰਚਾਇਤ ਰਈਆ ਅਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਦਰਖਾਸਤਾਂ ਵੀ ਭੇਜੀਆਂ ਹਨ ਪਰ ਮੇਰੀਆਂ ਦਰਖਾਸਤਾਂ ਤੇ ਕੋਈ ਵੀ ਕਾਰਵਾਈ ਨਹੀਂ ਹੋਈ ਦਫ਼ਤਰ ਦੇ ਕਲਰਕ ਮੈਨੂੰ ਦਬਕੇ ਮਾਰ ਕੇ ਮੇਰੇ ਕੋਲੋਂ ਖ਼ਾਲੀ ਕਾਗ਼ਜ਼ਾਤ ਤੇ ਦਸਤਖ਼ਤ ਕਰਵਾਉਂਦੇ ਹਨ। ਦੀਪੂ ਨੇ ਐੱਸ.ਡੀ.ਐੱਮ ਸਾਹਿਬ ਨੂੰ ਲਿਖਤੀ ਦਰਖਾਸਤ ਦੇ ਕੇ ਉਸ ਦੇ ਮ੍ਰਿਤਕ ਭਰਾ ਦੇ ਬਣਾਏ ਮੌਤ ਦੇ ਸਰਟੀਫਿਕੇਟ ਵਿੱਚ ਦਰਜ ਵਾਰਸ ਸਮਿਤਰੀ ਦੇਵੀ ਅਤੇ ਜਾਅਲੀ ਹੋਰ ਕਾਗ਼ਜ਼ਾਤ ਦੀ ਪੜਤਾਲ ਕਰਕੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਸ੍ਰੀ ਅਨਿਲ ਚੋਪੜਾ ਈ.ਓ ਨਗਰ ਪੰਚਾਇਤ ਰਈਆ ਨਾਲ ਗੱਲਬਾਤ ਵੀ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈ ਸ਼ਿਕਾਇਤ ਕਰਤਾ ਨੂੰ ਆਪਣੇ ਦਫ਼ਤਰ ਪੱਤਰ ਭੇਜ ਕੇ ਬੁਲਾਇਆ ਸੀ ਪਰ ਉਹ ਆਪਣੀ ਸ਼ਿਕਾਇਤ ਦੀ ਪੜਤਾਲ ਦੇ ਸਬੰਧ ਵਿੱਚ ਦਫ਼ਤਰ ਨਹੀਂ ਆਇਆ।ਦੀਪੂ ਦੀ ਸ਼ਿਕਾਇਤ ਤੇ ਐੱਸ.ਡੀ ਐੱਮ ਬਾਬਾ ਬਕਾਲਾ ਸਾਹਿਬ ਜਸ਼ਨਜੀਤ ਸਿੰਘ ਨੇ ਇਸ ਮਾਮਲੇ ਦੀ ਪੜਤਾਲ ਦੇ ਹੁਕਮ ਜਾਰੀ ਕੀਤੇ ਹਨ।

# ਐਨਐਮਐਮਐਸ ਦੀ ਪ੍ਰੀਖਿਆ 'ਚ ਸਰਕਾਰੀ ਹਾਈ ਸਕੂਲ ਬੁੱਲੇਪੁਰ ਦੀ ਬੱਲੇ-ਬੱਲੇ

## ਸਕੂਲ ਦੀ ਹਰਜੋਤਪ੍ਰੀਤ ਕੌਰ ਨੇ ਜ਼ਿਲ੍ਹੇ ਚੋਂ ਪਹਿਲਾ, ਗੌਤਮ ਨੇ ਦੂਜਾ ਤੇ ਰਫੀਕ ਮੁਹੰਮਦ ਨੇ ਕੀਤਾ ਤੀਜਾ ਸਥਾਨ ਹਾਸਲ

ਖੰਨਾ
ਅਜੀਤ ਖੰਨਾ

ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਸਾਲ ਦੀ ਤਰਾਂ ਲਈ ਜਾਂਦੀ ਵਜੀਫੇ ਦੀ ਪ੍ਰੀਖਿਆ ਐਨਐਮਐਸਐਸ ਵਿੱਚ ਇਸ ਸਾਲ ਸਰਕਾਰੀ ਹਾਈ ਸਕੂਲ ਬੁੱਲੇਪੁਰ ਦੇ ਵਿਦਿਆਰਥਣ ਹਰਜੋਤਪ੍ਰੀਤ ਕੌਰ ਨੇ ਜਿਲੇ ਵਿਚੋਂ ਪਹਿਲਾਂ ਸਥਾਨ ਹਾਸਲ ਕਰਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਮੁੱਖੀ ਰਾਜ ਕੁਮਾਰ ਨੇ ਦੱਸਿਆ ਕਿ ਮਾਨਯੋਗ ਜਿਲਾ ਸਿੱਖਿਆ ਅਫਸਰ (ਸੈਕੰਡਰੀ) ਲੁਧਿਆਣਾ ਡਿੰਪਲ ਮਦਾਨ ਦੀ ਯੋਗ ਅਗਵਾਈ ਹੇਠ ਇਸ ਵੱਕਾਰੀ ਪ੍ਰੀਖਿਆ ਵਿੱਚ ਸਕੂਲ ਦੇ ਕੁੱਲ 9 ਵਿਦਿਆਰਥੀਆਂ ਨੇ ਸਫਲਤਾ ਹਾਸਲ ਕੀਤੀ ਹੈ। ਜਿੱਥੇ ਹਰਜੋਤਪ੍ਰੀਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ ਨੇ ਜਿਲੇ ਵਿੱਚੋਂ ਪਹਿਲਾ ਰੈਂਕ ਹਾਸਲ ਕੀਤਾ ਹੈ, ਉੱਥੇ ਗੌਤਮ ਸਪੁੱਤਰ ਪੱਪੂ, ਰਾਵੀਆ ਸਪੁੱਤਰੀ ਰਫੀਕ ਮੁਹੰਮਦ ਨੇ ਜਿਲੇ ਵਿੱਚ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।

ਇਸ ਤੋਂ ਇਲਾਵਾ ਏਕਮਪ੍ਰੀਤ ਸਿੰਘ ਸਪੁੱਤਰ ਪਵਿੱਤਰ ਸਿੰਘ, ਰਾਜਵਿੰਦਰ ਸਿੰਘ ਸਪੁੱਤਰ ਸੁਖਵਿੰਦਰ ਸਿੰਘ, ਕਾਰਤਿਕ ਸਪੁੱਤਰ ਵਿਜੇ ਕੁਮਾਰ, ਨਰਗਿਸ ਸਪੁੱਤਰੀ ਹਨੀਫ ਖਾਂ, ਸਿਮਰਨਜੋਤ ਕੌਰ ਸਪੁੱਤਰੀ ਜਸਪਾਲ ਸਿੰਘ, ਅਮਨਿੰਦਰ ਸਿੰਘ ਸਪੁੱਤਰ



ਇੰਦਰਜੀਤ ਸਿੰਘ ਨੇ ਵੀ ਇਸ ਪ੍ਰੀਖਿਆ ਵਿੱਚ ਸਫਲਤਾ ਹਾਸਲ ਕਰਕੇ ਇਤਿਹਾਸ ਰਚਿਆ। ਸਕੂਲ ਮੁੱਖੀ ਰਾਜ ਕੁਮਾਰ ਨੇ ਦੱਸਿਆ ਕਿ ਪਿਛਲੀ ਵਾਰ ਵੀ ਸਕੂਲ ਦੇ ਵਿਦਿਆਰਥੀ ਨੇ ਇਹ ਪ੍ਰੀਖਿਆ ਪਾਸ ਕੀਤੀ ਸੀ।

ਸਕੂਲ ਮੁੱਖੀ ਨੇ ਬਲਾਕ ਨੋਡਲ ਅਫਸਰ ਬਲਜੀਤ ਸਿੰਘ, ਬਲਾਕ ਮੈਂਟਰ ਅਨਮੋਲ ਸੂਦ ਅਤੇ ਰਾਕੇਸ਼ ਸ਼ਰਮਾ ਵੱਲੋਂ ਬੱਚਿਆਂ ਨੂੰ ਪ੍ਰੇਰਣਾ ਅਤੇ ਉਤਸ਼ਾਹਿਤ ਕਰਨ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਜਿੱਥੇ ਇਸ ਪ੍ਰੀਖਿਆ ਨੂੰ ਪਾਸ ਕਰਨ ਲਈ ਇਹ ਵਿਦਿਆਰਥੀ ਪਿਛਲੇ ਤਿੰਨ ਸਾਲਾਂ ਤੋਂ ਤਿਆਰੀ ਕਰ ਰਹੇ ਸਨ, ਉੱਥੇ ਹੀ ਸਕੂਲ ਦੇ ਮਿਹਨਤੀ ਅਧਿਆਪਕ ਸੁਨੀਤਾ ਬਾਲੀ ਸਾਇੰਸ ਮਿਸਟ੍ਰੈੱਸ, ਕੀਰਤੀ ਵਿਜਨ ਅਤੇ ਨਵਜੋਤ ਕੌਰ, ਲਵਪ੍ਰੀਤ ਕੌਰ, ਸਾਇੰਸ ਮਿਸਟ੍ਰੈੱਸ ਅਤੇ ਸਮੂਹ ਸਟਾਫ ਦੀ ਮਿਹਨਤ ਦਾ ਨਤੀਜਾ ਹੈ, ਜਿੰਨਾਂ ਨੇ ਸਮੇਂ-ਸਮੇਂ ਵਿਦਿਆਰਥੀਆਂ ਨੂੰ ਯੋਗ ਅਗਵਾਈ ਦੇ ਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਪ੍ਰੀਖਿਆ ਨੂੰ ਪਾਸ ਕਰਨ ਵਾਲੇ ਹਰੇਕ ਵਿਦਿਆਰਥੀ ਨੂੰ ਸਰਕਾਰ ਵੱਲੋਂ 48000 ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਅਤੇ ਗ੍ਰਾਮ ਪੰਚਾਇਤ ਬੁੱਲੇਪੁਰ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

# ਆਈਡਬਲਯੂਐਸ ਆਰਟ ਐਫੀਨਾ ਆਰਗੇਨਾਈਜ਼ੇਸ਼ਨ ਵੱਲੋਂ 3 ਦਿਨਾਂ ਮਾਸਟਰ ਕਲਾਸ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਆਈਡਬਲਯੂਐਸ ਆਰਟ ਐਫੀਨਾ ਆਰਗੇਨਾਈਜ਼ੇਸ਼ਨ, ਅੰਮ੍ਰਿਤਸਰ ਨੇ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੇਨਿਊ ਦੇ ਸਹਿਯੋਗ ਨਾਲ, ਅੰਤਰਰਾਸ਼ਟਰੀ ਪੱਧਰ ‘ਤੇ ਪ੍ਰਸਿੱਧ ਕਲਾਕਾਰ, ਇੰਟਰਨੈਸ਼ਨਲ ਵਾਟਰ ਕਲਰ ਸੋਸਾਇਟੀ, ਕੈਨੇਡਾ ਦੇ ਸੰਸਥਾਪਕ ਅਤੇ ਪ੍ਰਧਾਨ ਅਤਨੂਰ ਦੋਗਨ ਦੁਆਰਾ 3 ਦਿਨਾਂ ਮਾਸਟਰ ਕਲਾਸ ਦਾ ਸਫਲਤਾਪੂਰਵਕ ਆਯੋਜਨ ਕੀਤਾ।ਇਹ ਸਮਾਗਮ ਮੇਜ਼ਬਾਨਾਂ ਦੇ ਨਿੱਘੇ ਸਵਾਗਤ ਨਾਲ ਸ਼ੁਰੂ ਹੋਇਆ, ਜਿਸ ਨੇ ਅੱਗੇ ਦੀ ਕਲਾਤਮਕ ਯਾਤਰਾ ਲਈ ਇੱਕ ਪ੍ਰੇਰਨਾਦਾਇਕ ਸੁਰ ਸਥਾਪਤ ਕੀਤੀ। ਉਦਘਾਟਨੀ ਲੈਂਪ ਲਾਈਟਿੰਗ ਸਮਾਰੋਹ ਨੇ ਸਮਾਗਮ ਦੀ ਰਸਮੀ ਸ਼ੁਰੂਆਤ ਕੀਤੀ, ਜੋ ਗਿਆਨ, ਰਚਨਾਤਮਕਤਾ ਅਤੇ ਸਕਾਰਾਤਮਕਤਾ ਦਾ ਪ੍ਰਤੀਕ ਹੈ। ਇਕੱਠ ਨੇ ਕਲਾ ਨੂੰ ਇੱਕ ਵਿਸ਼ਵਵਿਆਪੀ ਭਾਸ਼ਾ ਵਜੋਂ ਮਨਾਇਆ ਜੋ ਸੱਭਿਆਚਾਰਾਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਜੋੜਦੀ ਹੈ, ਵਿਭਿੰਨ ਪਿਛੋਕੜਾਂ ਦੇ ਕਲਾਕਾਰਾਂ ਅਤੇ ਉਤਸ਼ਾਹੀਆਂ ਨੂੰ ਇਕੱਠੇ ਕਰਦੀ ਹੈ।ਇਸ ਵਰਕਸ਼ਾਪ ਵਿੱਚ ਵਿਨੈ ਵੈਦ (ਪ੍ਰਧਾਨ, ਆਈਡਬਲਯੂਐਸ ਆਰਟ ਐਫੀਨਾ ਆਰਗੇਨਾਈਜ਼ੇਸ਼ਨ, ਅੰਮ੍ਰਿਤਸਰ), ਸ਼੍ਰੀ ਅਮਨਦੀਪ ਗਿੱਲ (ਵਿੱਤ ਸਕੱਤਰ), ਸ਼੍ਰੀ ਪਰਮਜੀਤ ਸਿੰਘ (ਆਨਰੇਰੀ ਸਕੱਤਰ), ਅਤੇ ਸ਼੍ਰੀ ਪੰਕਜ ਕੁਮਾਰ (ਇਵੈਂਟ ਕੋਆਰਡੀਨੇਟਰ) ਸਮੇਤ ਸੰਸਥਾ ਦੇ ਹੋਰ ਸਤਿਕਾਰਯੋਗ ਮੈਂਬਰਾਂ ਨੇ ਸ਼ਿਰਕਤ ਕੀਤੀ।ਵਿਨੈ ਵੈਦ ਦੀ ਗਤੀਸ਼ੀਲ ਅਗਵਾਈ ਹੇਠ, ਆਈਡਬਲਯੂਐਸ ਆਰਟ ਐਫੀਨਾ ਆਰਗੇਨਾਈਜ਼ੇਸ਼ਨ ਵਰਕਸ਼ਾਪਾਂ, ਪ੍ਰਦਰਸ਼ਨੀਆਂ ਅਤੇ ਸਹਿਯੋਗੀ ਪਹਿਲਕਦਮੀਆਂ ਰਾਹੀਂ ਕਲਾ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੀ ਹੈ ਅਤੇ ਉਭਰਦੇ ਅਤੇ ਸਥਾਪਿਤ ਕਲਾਕਾਰਾਂ ਦੋਵਾਂ ਲਈ ਇੱਕ ਪਲੇਟਫਾਰਮ ਪ੍ਰਦਾਨ ਕਰ ਰਹੀ ਹੈ। ਇਸ ਵਰਕਸ਼ਾਪ ਦਾ ਸਫਲ ਆਯੋਜਨ ਇਸਦੇ ਵਚਨਬੱਧ ਮੈਂਬਰਾਂ ਦੇ ਸਮਰਪਣ ਅਤੇ ਟੀਮ ਵਰਕ ਦਾ ਪ੍ਰਮਾਣ ਹੈ।ਵਰਕਸ਼ਾਪ ਦਾ ਇੱਕ ਮੁੱਖ ਆਕਰਸ਼ਣ ਅਤਨੂਰ ਦੋਗਨ ਦੁਆਰਾ ਲਾਈਵ ਵਾਟਰਕਲਰ ਪ੍ਰਦਰਸ਼ਨ ਸੀ, ਜੋ ਕਿ ਇੰਟਰਨੈਸ਼ਨਲ ਵਾਟਰਕਲਰ ਸੋਸਾਇਟੀ, ਕੈਨੇਡਾ ਦੇ ਸੰਸਥਾਪਕ ਅਤੇ ਪ੍ਰਧਾਨ ਸਨ। ਭਾਗੀਦਾਰਾਂ ਨੇ ਕਲਾ ਦੇ ਮਾਧਿਅਮ, ਨਵੀਨਤਾਕਾਰੀ ਤਕਨੀਕਾਂ ਅਤੇ ਪ੍ਰਗਟਾਵੇ ਵਾਲੀ ਕਹਾਣੀ ਸੁਣਾਉਣ ‘ਤੇ ਉਸਦੀ ਮੁਹਾਰਤ ਨੂੰ ਦੇਖਿਆ। ਉਸਦਾ ਸੈਸ਼ਨ ਬਹੁਤ ਹੀ ਇੰਟਰਐਕਟਿਵ ਸੀ, ਜਿਸਨੇ ਕਲਾਕਾਰਾਂ ਨੂੰ ਨੇੜਿਓਂ ਦੇਖਣ, ਸੁਤੰਤਰ ਤੌਰ ‘ਤੇ ਪ੍ਰਯੋਗ ਕਰਨ ਅਤੇ ਆਪਣੀ ਰਚਨਾਤਮਕ ਸਮਝ ਨੂੰ ਡੂੰਘਾ ਕਰਨ ਲਈ ਉਤਸ਼ਾਹਿਤ ਕੀਤਾ।ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ, ਉਭਰਦੇ ਕਲਾਕਾਰਾਂ ਅਤੇ ਕਲਾ ਪ੍ਰੇਮੀਆਂ ਨੇ ਉਤਸ਼ਾਹਜਨਕ ਭਾਗੀਦਾਰੀ ਕੀਤੀ, ਜਿਨ੍ਹਾਂ ਨੂੰ ਵਿਹਾਰਕ ਸਿੱਖਣ ਦੇ ਅਨੁਭਵ ਅਤੇ ਵਿਸ਼ਵ ਪ੍ਰਸਿੱਧੀ ਵਾਲੇ ਕਲਾਕਾਰ ਨਾਲ ਸਿੱਧੀ ਗੱਲਬਾਤ ਤੋਂ ਬਹੁਤ ਲਾਭ ਹੋਇਆ। ਸੈਸ਼ਨਾਂ ਨੇ ਰਚਨਾਤਮਕਤਾ, ਸਿੱਖਣ ਅਤੇ ਕਲਾਤਮਕ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕੀਤਾ, ਜਿਸ ਨਾਲ ਇਹ ਪ੍ਰੋਗਰਾਮ ਅਮੀਰ ਅਤੇ ਯਾਦਗਾਰੀ ਬਣ ਗਿਆ।ਪ੍ਰਬੰਧਕਾਂ ਨੇ




ਇਸ ਅੰਤਰਰਾਸ਼ਟਰੀ ਸਮਾਗਮ ਦੀ ਮੇਜ਼ਬਾਨੀ ਵਿੱਚ ਉਨ੍ਹਾਂ ਦੇ ਕੀਮਤੀ ਸਮਰਥਨ ਅਤੇ ਸਹਿਯੋਗ ਲਈ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ, ਅੰਮ੍ਰਿਤਸਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਭਾਗੀਦਾਰਾਂ ਦੀ ਵਿਸ਼ੇਸ਼ ਪ੍ਰਸ਼ੰਸਾ ਵੀ ਕੀਤੀ ਗਈ ਜਿਨ੍ਹਾਂ ਦੀ ਊਰਜਾ, ਉਤਸੁਕਤਾ ਅਤੇ ਜਨੂੰਨ ਨੇ ਸਮਾਗਮ ਨੂੰ ਹੋਰ ਵੀ ਰੌਸ਼ਨ ਕੀਤਾ।ਇਹ ਵਰਕਸ਼ਾਪ ਅੱਜ ਇੱਕ ਸਫਲ ਅਤੇ ਪ੍ਰੇਰਨਾਦਾਇਕ ਮਾਹੌਲ ਵਿੱਚ ਸਮਾਪਤ ਹੋਈ, ਜਿਸ ਨਾਲ ਭਾਗੀਦਾਰਾਂ ਨੂੰ ਆਪਣੇ ਕਲਾਤਮਕ ਕੰਮਾਂ ਵਿੱਚ ਹੋਰ ਖੋਜ ਕਰਨ ਅਤੇ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

## WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਮਈ ਦਿਵਸ ਮੁਬਾਰਕ

ਇਕ ਮਈ ਨੂੰ ਹਰ ਸਾਲ ਅੰਤਰਰਾਸ਼ਟਰੀ ਪੱਧਰ ਤੇ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਇਸ ਦਿਨ ਸੰਸਾਰ ਦੇ ਲੱਗਪਗ ਅੱਸੀ ਦੇਸ਼ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਵਿਰਾਮ ਦੇ ਕੇ ਛੁੱਟੀ ਮਨਾਉਂਦੇ ਹਨ ਪਰ ਮੈਨੂੰ ਹੋਰਾਂ ਦੇਸ਼ਾਂ ਦਾ ਤਾਂ ਪਤਾ ਨਹੀਂ ਪਰ ਮੇਰੇ ਮੁਲਕ ਵਿਚ ਸਮਾਰਟ ਕੰਮਾਂ ਵਾਲੇ ਵਾਈਟ ਕਾਲਰ ਲੋਕ ਜਦ ਛੁੱਟੀ ਦਾ ਅਨੰਦ ਮਾਣ ਰਹੇ ਹੁੰਦੇ ਹਨ ਤਾਂ ਇਸ ਵਿਸ਼ੇਸ਼ ਦਿਨ ਦਾ ਹੀਰੋ ਆਪਣੇ ਆਪਣੇ ਖੇਤਰ ਵਿੱਚ ਹੱਡ ਭੰਨਵੀ ਮੇਹਣਤ ਦੀ ਦਿਹਾੜੀ ਕਰਕੇ ਸ਼ਾਮ ਨੂੰ ਆਪਣਾ ਚੁੱਲ੍ਹਾ ਬਲਦਾ ਰੱਖਣ ਲਈ ਜੂਝ ਰਿਹਾ ਹੁੰਦਾ ਹੈ ਅਤੇ ਇਹ ਵੱਖਰੀ ਗੱਲ ਹੈ ਕਿਸੇ ਸ਼ਹਿਰ ਦੇ ਚੌਕ ਚੋਂ ਖਾਲੀ ਹੱਥੀ ਵਾਪਸ ਵੀ ਆ ਰਿਹਾ ਹੋਵੇ ਕਿਉਂਕਿ ਅੱਜ ਉਸਨੂੰ ਕੋਈ ਰੁਜ਼ਗਾਰ ਦਾਤਾ ਨਾ ਮਿਲਿਆ ਹੋਵੇ।

ਮਜ਼ਦੂਰ ਦਿਵਸ ਜਾ ਮਈ ਦਿਵਸ ਪਿਛੇ ਮਜ਼ਦੂਰ ਜਮਾਤ ਦੀਆਂ ਜੱਥੇਬੰਦੀਆਂ ਦੀ ਸੰਘਰਸ਼ਮਈ ਗਾਥਾ ਹੈ। ਅਕਸਰ ਹੀ ਸਰਮਾਏਦਾਰ ਟੋਲੇ ਹੱਥੋਂ ਮਜ਼ਦੂਰ ਜਮਾਤ ਦਾ ਸੋਸ਼ਣ ਹੁੰਦਾ ਆਇਆ ਹੈ ਅਤੇ ਹੁੰਦਾ ਰਹੇਗਾ ਬੇਸ਼ਕ ਇਸ ਵਿਚ ਵਾਧਾ ਘਾਟਾ ਹੁੰਦਾ ਰਹੇਗਾ।ਇਕ ਮਈ 1886 ਨੂੰ ਅਮਰੀਕਾ ਦੇ ਸ਼ਹਿਰ ਸਿਕਾਂਗੋ ਵਿੱਖੇ ਕਈ ਮਜ਼ਦੂਰ ਜੱਥੇਬੰਦੀਆਂ ਵੱਲੋਂ ਮੀਟਿੰਗ ਮੁਜ਼ਾਹਰੇ ਕੀਤੇ ਗਏ ਅਤੇ ਅੰਤਰਰਾਸ਼ਟਰੀ ਸਮਾਜਵਾਦੀ ਕਾਨਫਰੰਸ ਵਿੱਚ ਇਕ ਮਤਾ ਪਾਸ ਕੀਤਾ ਗਿਆ ਜਿਸ ਵਿੱਚ ਪ੍ਰਤੀ ਦਿਨ ਅੱਠ ਘੰਟੇ ਕੰਮ ਕਰਨ ਅਤੇ ਯੋਗ ਮੇਹਣਤਾਣਾ ਮਿਥਿਆ ਗਿਆ ਕਿਉਂਕਿ ਇਸ ਤੋਂ ਪਹਿਲਾਂ ਮਜ਼ਦੂਰਾਂ ਕੋਲੋਂ ਪੰਦਰਾਂ ਪੰਦਰਾਂ ਘੰਟੇ ਕੰਮ ਲੈਣ ਦੇ ਬਾਵਜੂਦ ਯੋਗ ਦਿਹਾੜੀ ਨਹੀਂ ਦਿੱਤੀ ਜਾਂਦੀ ਸੀ। ਇਹ ਮਜ਼ਦੂਰ ਜਮਾਤ ਦਾ ਬਹੁਤ ਜ਼ਿਆਦਾ ਸ਼ੋਸ਼ਣ ਸੀ ਅਤੇ ਮਜ਼ਦੂਰਾਂ ਦਾ ਲਹੂ ਚੂਸਣ ਵਰਗੀ ਵਹਿਸ਼ੀ ਕਰਤੂਤ ਸੀ ਜਿਸ ਖਿਲਾਫ ਮਜ਼ਦੂਰ ਜਮਾਤਾਂ ਨੇ ਆਪਣਾ ਸ਼ਾਂਤਮਈ ਸੰਘਰਸ਼ ਵਿੱਢਿਆ ਪਰ ਬਦਕਿਸਮਤੀ ਨਾਲ ਉਸ ਦਿਨ ਸ਼ਿਕਾਗੋ ਦੀ ਹੇਅ ਮਾਰਕਿਟ ਵਿੱਚ ਇਕ ਬੰਬ ਧਮਾਕਾ ਹੋ ਗਿਆ ਜਿਸਨੂੰ ਨੂੰ ਸਾਜ਼ਿਸ਼ ਤਹਿਤ ਮਜ਼ਦੂਰ ਜਮਾਤਾਂ ਦੇ ਨਾਂ ਮੜ੍ਹ ਦਿੱਤਾ ਗਿਆ ਅਤੇ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਮਜ਼ਦੂਰਾਂ ਉੱਪਰ ਪੁਲਿਸ ਨੇ ਗੋਲੀ ਚਲਾ ਦਿੱਤੀ ਅਤੇ ਇਸ ਗੋਲਾਬਾਰੀ ਵਿਚ ਸੱਤ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਸੌ ਤੋਂ ਵੱਧ ਲੋਕ ਜ਼ਖਮੀਂ ਹੋ ਗਏ ਪਰ ਸੰਘਰਸ਼ ਚਲਦਾ ਰਿਹਾ ਅਤੇ ਆਖਰ ਸਰਕਾਰ ਨੂੰ ਝੁੱਕਣਾ ਪਿਆ ਅਤੇ ਇਕ ਮਈ 1889 ਨੂੰ ਅੰਤਰਰਾਸ਼ਟਰੀ ਸਮਾਜਵਾਦੀ ਕਾਨਫਰੰਸ ਵਿੱਚ ਪਾਸ ਮਤਾ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਖੇ , ਰੋਜ਼ਾਨਾ ਅੱਠ ਘੰਟੇ ਕੰਮ, ਲਾਗੂ ਹੋ ਗਿਆ ਅਤੇ ਪਹਿਲੀ ਵਾਰ ਇਹ ਦਿਨ ਮਨਾਇਆ ਗਿਆ ਅਤੇ ਹੌਲੀ ਹੌਲੀ ਦੂਸਰੇ ਦੇਸ਼ਾਂ ਨੂੰ ਵੀ ਇਹ ਕਨੂੰਨ ਪਾਸ ਕਰਨਾ ਪਿਆ ਅਤੇ ਇਸ ਸਮੇਂ ਅੱਸੀ ਦੇਸ਼ਾਂ ਵਿੱਚ ਚੱਲ ਰਿਹਾ ਬੇਸ਼ਕ ਕੁੱਝ ਦੇਸ਼ਾਂ ਵਿਚ ਇਹ ਵੱਖ ਵੱਖ ਸਮੇਂ ਤੇ ਮਨਾਇਆ ਜਾਂਦਾ।ਭਾਰਤ ਸਰਕਾਰ ਨੇ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਲੰਬੇ ਸੰਘਰਸ਼ ਤੋਂ ਬਾਅਦ ਠੀਕ 34 ਸਾਲ ਪੱਛੜ ਕੇ 1923 ਵਿੱਚ ਚਨੇਈ ਵਿੱਖੇ ਲਾਗੂ ਕੀਤਾ ਅਤੇ ਇਹ ਦਿਵਸ ਮਨਾਇਆ ਗਿਆ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੀ ਅਗਵਾਈ ਕਾਮਰੇਡ ਸਿੰਗਰਾਵੇਲੂ ਚੇਟਿਆਰ ਕਰ ਰਹੇ ਸਨ।

ਮਜ਼ਦੂਰ ਉਹ ਆਦਮੀ ਹੈ ਜੋ ਆਪਣੀ ਉਪਜੀਵਕਾ ਲਈ ਕਿਸੇ ਹੋਰ ਲਈ ਇਕ ਮਿਥੀ ਹੋਈ ਤਨਖਾਹ ਲੈ ਕੇ ਕੰਮ ਕਰਦਾ ਹੈ।ਉਹਦਾ ਕਾਰਜ ਖੇਤਰ ਕਿਸੇ ਜੱਟ ਦਾ ਖੇਤ , ਕੋਈ ਇੱਟ ਭੱਠਾ , ਕੋਈ ਦੁਕਾਨ ਜਾ ਕਾਰੋਬਾਰ ਦਾ ਕੋਈ ਵੀ ਖੇਤਰ ਹੋ ਸਕਦਾ। ਮੁੱਕਦੀ ਗੱਲ ਦੁਨੀਆਂ ਦੇ ਹਰ ਕਾਰੋਬਾਰ ਦੀ ਰੀੜ੍ਹ ਦੀ ਹੱਡੀ ਮਜ਼ਦੂਰ ਜਮਾਤ ਹੈ।ਸਾਰੀ ਆਰਥਿਕਤਾ ਦਾ ਧੁਰਾ ਮਜ਼ਦੂਰ ਜਮਾਤ ਹੈ ਅਤੇ ਇਸ ਜਮਾਤ ਦਾ ਸੋਸ਼ਣ ਵੀ ਸੱਭ ਤੋਂ ਵੱਧ ਹੋਇਆ ਹੈ।ਇਸਦੀ ਹੋਂਦ ਦੀ ਸਾਰਥਿਕਤਾ ਬਿਆਨਦੀਆਂ ਵਿਧਾਤਾ ਸਿੰਘ ਤੀਰ ਦੀ ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਬਹੁਤ ਮੁੱਲਵਾਨ ਹਨ ਜੋ ਮਜ਼ਦੂਰ ਜਮਾਤ ਨੂੰ ਮੁਖ਼ਾਤਿਬ ਹਨ।ਤੇਰੀ ਕਹੀ ਨੂੰ ਹਲਕ ਜੇ ਕੁਦਦਾ ਨਾ ,ਹਲਕ ਝੱਲੀਆਂ ਛੱਲਾਂ ਨੂੰ ਪਏ ਰਹਿੰਦੇ।ਕੋਰੇ ਕਾਗਜ਼ਾਂ ਦੀ ਨੰਗੀਂ ਹਿੱਕ ਉੱਤੇ, ਨਕਸ਼ੇ ਤਾਜ਼ ਮਹੱਲਾਂ ਦੇ ਪਏ ਰਹਿੰਦੇ।

ਜਗਤ ਗੁਰੂ ਬਾਬੇ ਨਾਨਕ ਨੇ ਵੀ ਕਿਰਤੀ ਦੀ ਕਿਰਤ ਨੂੰ ਨਿਵਾਜਿਆ ਅਤੇ ਆਪਣੇ ਅਨਿਨ ਸੇਵਕ ਭਾਈ ਲਾਲੋ ਦੀ ਰੁੱਖੀ ਮਿੱਸੀ ਖਾਕੇ ਇਕ ਜਗੀਰਦਾਰ ਮਲਕ ਭਾਗੋ ਦਾ ਹੰਕਾਰ ਤੋੜਿਆ।ਕਿਰਤ ਦਾ ਸੱਚਾ ਸਤਿਕਾਰ ਕਰਦਿਆਂ ਆਪ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਅਠਾਰਾਂ ਸਾਲ ਕਰਤਾਰ ਪੁਰ ਵਿੱਖੇ ਖੇਤੀ ਕੀਤੀ ਅਤੇ ਨਾਲ ਨਾਲ ਘਰ ਘਰ ਧਰਮਸਾਲ ਦਾ ਉਪਦੇਸ਼ ਦਿੰਦੇ ਹੋਏ ਕਲਯੁੱਗੀ ਜੀਵਾਂ ਦਾ ਉਦਾਰ ਵੀ ਕਰਦੇ ਰਹੇ।ਕਿਰਤੀ ਕਵੀ ਸੰਤ ਰਾਮ ਉਦਾਸੀ ਕਿਰਤੀ ਦੀ ਕੁੱਲੀ ਦੀ ਮਹਿਮਾਂ ਬਿਆਨ ਕਰਦੇ ਹੋਏ ਲਿਖਦਾ ਹੈ

ਆਪਣੀ ਕਮਾਈ ਸਾਂਭ ਰੱਖ ਨੀ ,ਕਿਰਤੀ ਦੀਏ ਕੁਲੀਏ।
ਲੱਖ ਲੱਖ ਦਾ ਈ ਤੇਰਾ ਕੱਖ ਨੀ ,ਕਿਰਤੀ ਦੀਏ ਕੁਲੀਏ।

ਕੀ ਹੁਣ ਮੰਨ ਲਈਏ ਇਸ ਅੱਠ ਘੰਟੇ ਦੇ ਕਨੂੰਨ ਕਰਕੇ ਮਜ਼ਦੂਰ ਦਾ ਸ਼ੋਸਣ ਬੰਦ ਹੋ ਗਿਆ ਬਿਲਕੁਲ ਨਹੀਂ ਕਿਧਰੇ ਸਾਰਾ ਸਾਲ ਕੰਮ ਦੀ ਗਾਰੰਟੀ ਨਹੀਂ। ਅਣਸਿਖਿਅਤ ਮਜ਼ਦੂਰ ਦੀ ਕੋਈ ਬੱਝਵੀ ਤਨਖਾਹ ਦੀ ਗਰੰਟੀ ਨਹੀਂ ਬੇਸ਼ਕ ਸਾਡੇ ਆਪਣੇ ਦੇਸ਼ ਵਿਚ ਮਨਨਰੇਗਾ ਤੋਂ ਕੁਝ ਆਸ ਬੱਝੀ ਸੀ ਪਰ ਉਸ ਵਿਚ ਵੀ ਚੋਰ ਮੋਰੀਆਂ ਹਨ ਅਫਸਰ ਸਾਹੀ ਅਤੇ ਸਿਆਸਤ ਉਸਤੇ ਵੀ ਭਾਰੂ ਹੈ ਪਰ ਕੁਝ ਚੰਗੇਰਾ ਜਰੂਰ ਹੋਇਆ ਹੈ ਸਰਕਾਰਾਂ ਅਜੇ ਵੀ ਕਾਰਪੋਰੇਟ ਘਰਾਣਿਆਂ ਦੀ ਪੁਸ਼ਤ ਪਨਾਹੀ ਕਰਦੀਆਂ ਨਜ਼ਰ ਆਉਂਦੀਆਂ ਹਨ ਮੋਦੀ ਸਰਕਾਰ ਨੇ ਇਸ ਅੰਤਰਰਾਸ਼ਟਰੀ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕੰਮ ਦੇ ਅੱਠ ਘੰਟੇ ਦੀ ਵਜਾਏ ਬਾਰਾਂ ਘੰਟੇ ਦਾ ਫ਼ਰਮਾਨ ਜਾਰੀ ਕਰ ਦਿੱਤਾ ਬੇਸ਼ਕ ਇਹ ਪੂਰੀ ਤਰ੍ਹਾਂ ਲਾਗੂ ਨਹੀਂ ਹੋਇਆ ਪਰ ਮਜ਼ਦੂਰ ਜਮਾਤ ਵਲੋਂ ਵੀ ਉਹ ਵਿਰੋਧ ਨਹੀਂ ਹੋਇਆ ਜੋ ਹੋਣਾ ਚਾਹੀਦਾ ਸੀ ।ਪਰ ਹੁਣ ਪਿਛਲੇ ਦਿਨੀਂ ਨੋਏਡਾ ਵਿਚ ਮਜ਼ਦੂਰ ਜਥੇਬੰਦੀਆਂ ਹੜਤਾਲ ਕਰਕੇ ਆਪਣੇ ਰੋਸ ਦਾ ਮਜਾਰਾ ਕੀਤਾਂ।

ਇਸ ਸੰਸਾਰ ਤੇ ਕੋਈ ਖੇਤਰ ਵੀ ਅਜਿਹਾ ਨਹੀਂ ਜੋ ਮਜ਼ਦੂਰ ਜਮਾਤ ਤੇ ਨਿਰਭਰ ਨਾ ਕਰਦਾ ਹੋਵੇ ਜੇ ਭੱਠਾ ਸਨਅਤ ਦੀ ਗੱਲ ਕਰੀਏ ਤਾ ਸਾਡੇ ਆਪਣੇ ਦੇਸ਼ ਵਿਚ ਛੇ ਸੱਤ ਫੀਸਦੀ ਮਜ਼ਦੂਰ ਭੱਠਿਆਂ ਤੇ ਕੰਮ ਕਰਕੇ ਆਪਣੇ ਪਰਵਾਰ ਦਾ ਪੋਸਣ ਕਰਦੇ ਹਨ ਪਰ ਇਹਦੇ ਵਿਚ ਬੱਧੂਆ ਮਜ਼ਦੂਰੀ ਦੇ ਕਲੰਕ ਨੇ ਹਜ਼ਾਰਾਂ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ ਪਰ ਚਮਕੌਰ ਸਿੰਘ ਨਾਮੀ ਸ਼ਖਸ ਜੋ ਖੁੱਦ ਬੱਧੂਆ ਮਜ਼ਦੂਰੀ ਦਾ ਬੋਝ ਢੋਹ ਰਿਹਾ ਸੀ ਉਹਨੇ ਅਦਾਲਤ ਦਾ ਕੁੰਡਾ ਖੜਕਾਇਆ ਅਤੇ ਅਨੇਕ ਕਸ਼ਟ ਸਹਾਰਦਾ ਹੋਇਆ 2008 ਵਿਚ ਇਸ ਕਲੰਕ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰਾਂ ਨੂੰ ਇਸ ਬੁਰਾਈ ਤੋਂ ਮੁੱਕਤ ਕਰਾ ਗਿਆ ਅਤੇ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈਣ ਵਿੱਚ ਸਫਲ ਹੋਇਆ ਅਤੇ ਹਜ਼ਾਰਾਂ ਮਜ਼ਦੂਰ ਪਰਿਵਾਰਾਂ ਨੂੰ ਮੁੱਕਤ ਕਰ ਗਿਆ ਪਰ ਅਜੇ ਵੀ ਮਜ਼ਬੂਰੀ ਵੱਸ ਕਿਤੇ ਨਾ ਕਿਤੇ ਲੁਕਵੇਂ ਰੂਪ ਚ ਇਹ ਪਰਥਾ ਚੱਲ ਰਹੀ ਹੈ ਪਰ ਵੱਡੇ ਪੱਧਰ ਤੇ ਨਹੀਂ।ਆਓ ਕਾਮਨਾ ਕਰੀਏ ਇਹ ਰਹਿੰਦ ਖੂਹੰਦ ਵੀ ਖ਼ਤਮ ਹੋਵੇ। ਆਮੀਨ!

ਅਖੀਰ ਵਿਚ ਮੈ ਕਾਮਨਾ ਕਰਦਾ ਹਰ ਮਜ਼ਦੂਰ ਦੇ ਹੱਥਾਂ ਨੂੰ ਕੰਮ ਮਿਲੇ ਅਤੇ ਉਹ ਅਤੇ ਉਹਦਾ ਪਰਵਾਰ ਹਮੇਸ਼ਾ ਖ਼ੁੱਸ ਰਹੇ ਅਤੇ ਜੀਣ ਥੀਣ ਦੀ ਤਮੰਨਾ ਬਣੀ ਰਹੇ। ਰੁਜ਼ਗਾਰ ਦਾਤਿਆ ਨੂੰ ਵੀ ਸਨਿਮਰ ਅਪੀਲ ਹੈ ਮਜ਼ਦੂਰ ਦਾ ਮੁੜ੍ਹਕਾ ਸੁੱਕਣ ਤੋਂ ਪਹਿਲਾਂ ਉਹਦਾ ਮੇਹਣਤਾਣਾ ਉਹਦੀ ਤਲੀ ਤੇ ਧਰੋ ਅਤੇ ਉਹਦੀ ਹੋਂਦ ਦਾ ਅਹਿਸਾਸ ਕਰੋ। ਕਿਸੇ ਮਜ਼ਦੂਰ ਬੇਟੀ ਨੂੰ ਇਹ ਹਾਕ ਨਾ ਮਾਰਨੀ ਪਵੇ ਕਿ ਜੰਮੀ ਨਾ ਨੀ ਮਾਏ ਮੈਨੂੰ ਇਹੋ ਜਿਹੇ ਪਿੰਡ ਜਿੱਥੇ ਸੱਧਰਾਂ ਤੇ ਸੰਗਲ ਰਹੇ, ਜਿੱਥੇ ਬਾਪੂ ਅਤੇ ਵੀਰੇ ਦੀਆ ਤੱਤੀਆ ਤਰੇਲੀਆਂ ਦਾ ਚੱਪਾ ਟੁੱਕ ਮੁੱਲ ਨਾ ਪਵੇ।ਮਜ਼ਦੂਰ ਅਤੇ ਰੁਜ਼ਗਾਰ ਦਾਤਿਆ ਦੇ ਸਬੰਧ ਘਰ ਦੇ ਜੀਆਂ ਵਰਗੇ ਹੋਣ ਜਿਵੇਂ ਸੰਤ ਰਾਮ ਉਦਾਸੀ ਜੱਟ ਅਤੇ ਸੀਰੀ ਦੀ ਆਪਸੀ ਸਾਂਝ ਦੀ ਬਾਤ ਪਾਉਂਦਾ

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵੱਗਿਆ।
ਚੱਕ ਤੰਗਲੀ ਨਸੀਬਾਂ ਨੂੰ ਫਰੋਲੀਏ,ਤੂੜੀ ਵਿਚੋਂ ਪੁੱਤ ਜੱਗਿਆ।

ਆਉ ਕਾਮਨਾ ਕਰੀਏ ਸਾਡੀ ਧਰਤੀ ਦਾ ਹਰ ਕਾਮਾ ਖੁਸ਼ਹਾਲ ਜ਼ਿੰਦਗੀ ਜੀਵੇ। ਆਮੀਨ!

**ਬਲਰਾਜ ਸਿੰਘ ਸਿੱਧੂ**
ਦਿਉਣ ਖੇੜਾ ਜ਼ਿਲਾ ਸ੍ਰੀ ਮੁਕਤਸਰ ਸਾਹਿਬ
ਸੰਪਰਕ 9914740184.







Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# MANI GREWAL

## STANISLAUS COUNTY | DISTRICT 4
## SUPERVISOR

ਸਤ ਸ਼੍ਰੀ ਅਕਾਲ ਜੀ

**Stanislaus County Supervisor District-4**
ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ




Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ

**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**
**ਸਤ ਸ਼੍ਰੀ ਅਕਾਲ ਜੀ**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਲਾਇਬ੍ਰੇਰੀ ਨੂੰ "ਗਿਆਨ ਦਾ ਮੰਦਰ" ਵੀ ਕਿਹਾ ਜਾਂਦਾ ਹੈ

ਲਾਇਬ੍ਰੇਰੀ ਸਿਰਫ਼ ਕਿਤਾਬਾਂ ਦਾ ਇਕੱਠ ਨਹੀਂ ਹੁੰਦੀ, ਇਹ ਗਿਆਨ, ਸੂਝ-ਬੂਝ ਅਤੇ ਸੱਭਿਆਚਾਰ ਦਾ ਖ਼ਜ਼ਾਨਾ ਹੁੰਦੀ ਹੈ। ਜਿਵੇਂ ਪਾਣੀ ਜੀਵਨ ਲਈ ਅਹਿਮ ਹੈ, ਉਸੇ ਤਰ੍ਹਾਂ ਲਾਇਬ੍ਰੇਰੀ ਮਨੁੱਖੀ ਵਿਕਾਸ ਲਈ ਬੇਹੱਦ ਜ਼ਰੂਰੀ ਹੈ। ਇੱਥੇ ਮਨੁੱਖ ਨੂੰ ਨਾ ਕੇਵਲ ਜਾਣਕਾਰੀ ਮਿਲਦੀ ਹੈ, ਸਗੋਂ ਉਸਦੀ ਸੋਚ ਦਾ ਵਿਕਾਸ ਵੀ ਹੁੰਦਾ ਹੈ।

ਲਾਇਬ੍ਰੇਰੀ ਨੂੰ "ਗਿਆਨ ਦਾ ਮੰਦਰ" ਵੀ ਕਿਹਾ ਜਾਂਦਾ ਹੈ, ਕਿਉਂਕਿ ਇੱਥੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਕਿਤਾਬਾਂ, ਪੱਤਰਿਕਾਵਾਂ ਅਤੇ ਅਖਬਾਰ ਉਪਲਬਧ ਹੁੰਦੇ ਹਨ। ਵਿਦਿਆਰਥੀਆਂ ਲਈ ਇਹ ਇੱਕ ਐਸੀ ਜਗ੍ਹਾ ਹੈ ਜਿੱਥੇ ਉਹ ਪੜ੍ਹਾਈ ਨੂੰ ਹੋਰ ਗਹਿਰਾਈ ਨਾਲ ਸਮਝ ਸਕਦੇ ਹਨ। ਕਲਾਸਰੂਮ ਵਿੱਚ ਮਿਲੀ ਸਿੱਖਿਆ ਨੂੰ ਲਾਇਬ੍ਰੇਰੀ ਵਿੱਚ ਵਧੀਆ ਤਰੀਕੇ ਨਾਲ ਵਿਸਤਾਰ ਮਿਲਦਾ ਹੈ।

ਲਾਇਬ੍ਰੇਰੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਹਰ ਵਰਗ ਦੇ ਲੋਕਾਂ ਲਈ ਖੁੱਲ੍ਹੀ ਹੁੰਦੀ ਹੈ। ਚਾਹੇ ਕੋਈ ਵਿਦਿਆਰਥੀ ਹੋਵੇ, ਅਧਿਆਪਕ, ਗਵੈਂਸ਼ਕ ਜਾਂ ਆਮ ਪਾਠਕ ਹਰੇਕ ਲਈ ਇੱਥੇ ਕੁਝ ਨਾ ਕੁਝ ਸਿੱਖਣ ਲਈ ਹੁੰਦਾ ਹੈ। ਕਿਤਾਬਾਂ ਦੇ ਰਾਹੀਂ ਮਨੁੱਖ ਵੱਖ-ਵੱਖ ਦੇਸ਼ਾਂ, ਸੰਸਕਾਰਾਂ ਅਤੇ ਇਤਿਹਾਸਕ ਘਟਨਾਵਾਂ ਨਾਲ ਜਾਣ-ਪਛਾਣ ਕਰਦਾ ਹੈ। ਇੱਕ ਚੰਗੀ ਲਾਇਬ੍ਰੇਰੀ ਮਨੁੱਖ ਵਿੱਚ ਪੜ੍ਹਨ ਦੀ ਆਦਤ ਪੈਦਾ ਕਰਦੀ ਹੈ। ਅੱਜ ਦੇ ਡਿਜ਼ੀਟਲ ਯੁੱਗ ਵਿੱਚ ਜਿੱਥੇ ਮੋਬਾਈਲ ਅਤੇ ਸੋਸ਼ਲ ਮੀਡੀਆ ਨੇ ਸਮਾਂ ਖਾ ਲਿਆ ਹੈ, ਉੱਥੇ ਲਾਇਬ੍ਰੇਰੀ ਮਨ ਨੂੰ ਸ਼ਾਂਤੀ ਅਤੇ ਧਿਆਨ ਕੇਂਦਰਿਤ ਕਰਨ ਦਾ ਮੌਕਾ ਦਿੰਦੀ ਹੈ। ਇੱਥੇ ਬੈਠ ਕੇ ਪੜ੍ਹਨਾ ਮਨੁੱਖ ਨੂੰ ਧੀਰਜ, ਅਨੁਸ਼ਾਸਨ ਅਤੇ ਸੋਚਣ ਦੀ ਸਮਰੱਥਾ ਸਿਖਾਉਂਦਾ ਹੈ।

ਲਾਇਬ੍ਰੇਰੀਆਂ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸਮਾਜਿਕ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਹ ਸਿੱਖਿਆ ਦੇ ਪ੍ਰਸਾਰ ਦਾ ਕੇਂਦਰ ਹੁੰਦੀਆਂ ਹਨ ਅਤੇ ਲੋਕਾਂ ਨੂੰ ਜਾਗਰੂਕ ਬਣਾਉਂਦੀਆਂ ਹਨ। ਇੱਕ ਪੜ੍ਹਿਆ-ਲਿਖਿਆ ਸਮਾਜ ਹੀ ਤਰੱਕੀ ਕਰ ਸਕਦਾ ਹੈ, ਅਤੇ ਇਸ ਵਿੱਚ ਲਾਇਬ੍ਰੇਰੀ ਦਾ ਯੋਗਦਾਨ ਅਹਿਮ ਹੁੰਦਾ ਹੈ।

ਸਰਕਾਰ ਅਤੇ ਸਿੱਖਿਆ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਵਧੀਆ ਅਤੇ ਆਧੁਨਿਕ ਲਾਇਬ੍ਰੇਰੀਆਂ ਦਾ ਨਿਰਮਾਣ ਕੀਤਾ ਜਾਵੇ। ਨਾਲ ਹੀ ਲੋਕਾਂ ਨੂੰ ਵੀ ਲਾਇਬ੍ਰੇਰੀ ਦੀ ਮਹੱਤਤਾ ਨੂੰ ਸਮਝਦੇ ਹੋਏ ਇਸਦਾ ਵਧ ਚੜ੍ਹ ਕੇ ਇਸਤੇਮਾਲ ਕਰਨਾ ਚਾਹੀਦਾ ਹੈ।

ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਕਿਤਾਬਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਇਹਨਾਂ ਕਿਤਾਬਾਂ ਨੂੰ ਸੰਭਾਲਣ ਵਾਲੀ ਥਾਂ ਨੂੰ ਲਾਇਬ੍ਰੇਰੀ ਜਾਂ ਪੁਸਤਕਾਲਾ ਕਿਹਾ ਜਾਂਦਾ ਹੈ। ਲਾਇਬ੍ਰੇਰੀ ਅਸਲ ਵਿੱਚ ਗਿਆਨ ਦਾ ਉਹ ਅਮੁੱਕ ਸਾਗਰ ਹੈ, ਜਿੱਥੇ ਬੈਠ ਕੇ ਮਨੁੱਖ ਦੁਨੀਆ ਦੇ ਕੋਨੇ-ਕੋਨੇ ਦੀ ਜਾਣਕਾਰੀ ਹਾਸਲ ਕਰ ਸਕਦਾ ਹੈ।

## ਲਾਇਬ੍ਰੇਰੀ ਦੀ ਮਹੱਤਤਾ

ਲਾਇਬ੍ਰੇਰੀ ਨੂੰ 'ਗਿਆਨ ਦਾ ਮੰਦਰ' ਵੀ ਕਿਹਾ ਜਾਂਦਾ ਹੈ। ਇਸ ਦੀ ਮਹੱਤਤਾ ਦੇ ਕੁਝ ਮੁੱਖ ਕਾਰਨ ਹੇਠ ਲਿਖੇ ਹਨ:

ਵੱਖ-ਵੱਖ ਵਿਸ਼ਿਆਂ ਦਾ ਸੰਗ੍ਰਹਿ: ਲਾਇਬ੍ਰੇਰੀ ਵਿੱਚ ਸਿਰਫ਼ ਸਾਹਿਤ ਹੀ ਨਹੀਂ, ਸਗੋਂ ਵਿਗਿਆਨ, ਇਤਿਹਾਸ, ਰਾਜਨੀਤੀ, ਧਰਮ ਅਤੇ ਕਲਾ ਵਰਗੇ ਅਨੇਕਾਂ ਵਿਸ਼ਿਆਂ ਦੀਆਂ ਪੁਸਤਕਾਂ ਮਿਲਦੀਆਂ ਹਨ।

ਸਸਤਾ ਸਾਧਨ: ਹਰ ਇਨਸਾਨ ਮਹਿੰਗੀਆਂ ਕਿਤਾਬਾਂ ਖਰੀਦਣ ਦੀ ਸਮਰੱਥਾ ਨਹੀਂ ਰੱਖਦਾ। ਲਾਇਬ੍ਰੇਰੀ ਅਜਿਹੇ ਪਾਠਕਾਂ ਲਈ ਵਰਦਾਨ ਹੈ, ਜਿੱਥੇ ਬਹੁਤ ਘੱਟ ਖਰਚੇ 'ਤੇ ਦੁਨੀਆ ਭਰ ਦਾ ਗਿਆਨ ਉਪਲਬਧ ਹੁੰਦਾ ਹੈ।

ਪੜ੍ਹਨ ਦਾ ਢੁਕਵਾਂ ਮਾਹੌਲ: ਲਾਇਬ੍ਰੇਰੀ ਵਿੱਚ ਪੂਰੀ ਸ਼ਾਂਤੀ ਹੁੰਦੀ ਹੈ, ਜੋ ਇਕਾਗਰਤਾ ਨਾਲ ਪੜ੍ਹਨ ਲਈ ਬਹੁਤ ਜ਼ਰੂਰੀ ਹੈ। ਇੱਥੇ ਬੈਠ ਕੇ ਪੜ੍ਹਨ ਨਾਲ ਪਾਠਕ ਦਾ ਮਨ ਭਟਕਦਾ ਨਹੀਂ।

## ਲਾਇਬ੍ਰੇਰੀ ਦੀਆਂ ਕਿਸਮਾਂ

ਲਾਇਬ੍ਰੇਰੀਆਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ:


ਸਕੂਲ/ਕਾਲਜ ਦੀਆਂ ਲਾਇਬ੍ਰੇਰੀਆਂ: ਜੋ ਵਿਦਿਆਰਥੀਆਂ ਦੀਆਂ ਵਿਦਿਅਕ ਲੋੜਾਂ ਪੂਰੀਆਂ ਕਰਦੀਆਂ ਹਨ। ਸਰਵਜਨਕ ਲਾਇਬ੍ਰੇਰੀਆਂ: ਇਹ ਆਮ ਜਨਤਾ ਲਈ ਹੁੰਦੀਆਂ ਹਨ, ਜਿੱਥੇ ਕੋਈ ਵੀ ਜਾ ਕੇ ਪੜ੍ਹ ਸਕਦਾ ਹੈ।

ਨਿੱਜੀ ਲਾਇਬ੍ਰੇਰੀਆਂ: ਕਈ ਲੋਕਾਂ ਨੂੰ ਆਪਣੇ ਘਰਾਂ ਵਿੱਚ ਕਿਤਾਬਾਂ ਇਕੱਠੀਆਂ ਕਰਨ ਦਾ ਸ਼ੌਕ ਹੁੰਦਾ ਹੈ।

ਡਿਜੀਟਲ ਲਾਇਬ੍ਰੇਰੀ: ਅੱਜ-ਕੱਲ੍ਹ ਇੰਟਰਨੈੱਟ ਦੇ ਯੁੱਗ ਵਿੱਚ 'ਈ-ਲਾਇਬ੍ਰੇਰੀਆਂ' ਦਾ ਰੁਝਾਨ ਵਧ ਗਿਆ ਹੈ, ਜਿੱਥੇ ਫ਼ੋਨ ਜਾਂ ਕੰਪਿਊਟਰ ਰਾਹੀਂ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ।

## ਵਿਦਿਆਰਥੀ ਜੀਵਨ ਵਿੱਚ ਭੂਮਿਕਾ


ਵਿਦਿਆਰਥੀਆਂ ਲਈ ਲਾਇਬ੍ਰੇਰੀ ਇੱਕ ਅਜਿਹੀ ਥਾਂ ਹੈ ਜਿੱਥੇ ਉਹ ਆਪਣੇ ਸਿਲੇਬਸ ਤੋਂ ਬਾਹਰ ਦੀਆਂ ਗੱਲਾਂ ਸਿੱਖਦੇ ਹਨ। ਇਹ ਉਹਨਾਂ ਵਿੱਚ ਸਵੈ-ਅਧਿਐਨ ਦੀ ਆਦਤ ਪਾਉਂਦੀ ਹੈ ਅਤੇ ਉਹਨਾਂ ਦੇ ਸ਼ਬਦ-ਭੰਡਾਰ ਵਿੱਚ ਵਾਧਾ ਕਰਦੀ ਹੈ। "ਕਿਤਾਬਾਂ ਇਨਸਾਨ ਦੀਆਂ ਸਭ ਤੋਂ ਚੰਗੀਆਂ ਮਿੱਤਰ ਹੁੰਦੀਆਂ ਹਨ ਅਤੇ ਲਾਇਬ੍ਰੇਰੀ ਇਹਨਾਂ ਮਿੱਤਰਾਂ ਨਾਲ ਮਿਲਣ ਦਾ ਸਭ ਤੋਂ ਉੱਤਮ ਸਥਾਨ ਹੈ।" ਅੰਤ ਵਿੱਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਲਾਇਬ੍ਰੇਰੀ ਇੱਕ ਅਜਿਹਾ ਖ਼ਜ਼ਾਨਾ ਹੈ ਜੋ ਕਦੇ ਖ਼ਤਮ ਨਹੀਂ ਹੁੰਦਾ। ਜਿੰਨਾ ਵੱਧ ਅਸੀਂ ਇਸਨੂੰ ਵਰਤਦੇ ਹਾਂ, ਉੱਨਾ ਹੀ ਵੱਧ ਗਿਆਨ ਪ੍ਰਾਪਤ ਕਰਦੇ ਹਾਂ। ਇਸ ਲਈ, ਹਰ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਲਾਇਬ੍ਰੇਰੀ ਨਾਲ ਜੁੜਨਾ ਚਾਹੀਦਾ ਹੈ, ਕਿਉਂਕਿ ਇਹ ਸੱਚਮੁੱਚ ਗਿਆਨ ਦਾ ਅਥਾਹ ਭੰਡਾਰ ਹੈ।







Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਧਿਆਨ ਦੀ ਸਾਰਥਿਕਤਾ

ਅਜੋਕੇ ਪਦਾਰਥਵਾਦੀ ਯੁੱਗ ਵਿੱਚ, ਜੋ ਲਗਾਤਾਰ ਡਿਜ਼ੀਟਲ ਸੁਨੇਹੇ, ਮੁਕਾਬਲੇਬਾਜ਼ੀ ਅਤੇ ਭੌਤਿਕ ਸਫਲਤਾ ਦੀ ਲਗਾਤਾਰ ਦੌੜ ਨਾਲ ਪਰਿਭਾਸ਼ਿਤ ਹੁੰਦਾ ਹੈ, ਇੱਕ ਸਧਾਰਣ ਮਨੋਵਿਗਿਆਨਕ ਅਭਿਆਸ ਦੁਨੀਆ ਭਰ ਵਿੱਚ ਧਿਆਨ ਖਿੱਚ ਰਿਹਾ ਹੈ ਜਿਸਨੂੰ ਧਿਆਨ ਕਿਹਾ ਜਾਂਦਾ ਹੈ। ਇਹ ਪਹਿਲਾਂ ਪ੍ਰਾਚੀਨ ਆਤਮਿਕ ਪਰੰਪਰਾਵਾਂ ਵਿੱਚ ਜੜਿਆ ਹੋਇਆ ਸੀ, ਪਰ ਹੁਣ ਮਨੋਵਿਗਿਆਨੀਆਂ, ਅਧਿਆਪਕਾਂ ਅਤੇ ਇੱਥੋਂ ਤੱਕ ਕਿ ਕਾਰਪੋਰੇਟ ਨੇਤਾਵਾਂ ਵੱਲੋਂ ਵੀ ਇਸਨੂੰ ਆਧੁਨਿਕ ਤਣਾਅ ਨਾਲ ਨਜਿੱਠਣ ਲਈ ਇੱਕ ਸ਼ਕਤੀਸ਼ਾਲੀ ਔਜ਼ਾਰ ਵਜੋਂ ਅਪਣਾਇਆ ਜਾ ਰਿਹਾ ਹੈ।

ਆਪਣੇ ਮੂਲ ਵਿੱਚ, ਧਿਆਨ ਵਰਤਮਾਨ ਪਲ ‘ਤੇ ਜਾਗਰੂਕ ਅਤੇ ਜਾਣਬੁੱਝ ਕੇ ਧਿਆਨ ਦੇਣ ਦੀ ਕਲਾ ਹੈ ਬਿਨਾਂ ਕਿਸੇ ਫੈਸਲੇ ਦੇ। ਇਸਦਾ ਮਤਲਬ ਹੈ ਕਿ ਤੁਸੀਂ ਜੋ ਕਰ ਰਹੇ ਹੋ, ਜੋ ਸੋਚ ਰਹੇ ਹੋ ਅਤੇ ਜੋ ਮਹਿਸੂਸ ਕਰ ਰਹੇ ਹੋ, ਉਸ ਨਾਲ ਪੂਰੀ ਤਰ੍ਹਾਂ ਜੁੜੇ ਰਹੋ, ਨਾ ਕਿ ਸਵੈਚਾਲਿਤ ਆਧਾਰ‘ਤੇ ਜੀਵਨ ਜੀਓ।

ਮਨੋਵਿਗਿਆਨਕ ਤੌਰ ‘ਤੇ, ਧਿਆਨ ਵਿਅਕਤੀਆਂ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਅਸਥਾਈ ਅਨੁਭਵਾਂ ਵਜੋਂ ਵੇਖਣ ਵਿੱਚ ਮਦਦ ਕਰਦੀ ਹੈ, ਨਾ ਕਿ ਉਨ੍ਹਾਂ ਨਾਲ ਘਿਰ ਜਾਣ ਵਿੱਚ। ਤੁਰੰਤ ਪ੍ਰਤੀਕ੍ਰਿਆ ਕਰਨ ਦੀ ਬਜਾਏ, ਇੱਕ ਧਿਆਨ ਵਾਲਾ ਵਿਅਕਤੀ ਸੋਚ-ਵਿਚਾਰ ਕਰਕੇ ਜਵਾਬ ਦਿੰਦਾ ਹੈ।

ਕੀ ਧਿਆਨ ਤਣਾਅ, ਚਿੰਤਾ ਅਤੇ ਘਬਰਾਹਟ ਘਟਾ ਸਕਦਾ ਹੈ?

ਹਾਂ ਜੀ ਬਿਲਕੁਲ ਇਹ ਕਥਨ ਸਤ ਹੈ ਪਰ ਹਕੀਕੀ ਸਮਝ ਨਾਲ।

ਤਣਾਅ ਅਤੇ ਚਿੰਤਾ ਅਕਸਰ ਦੋ ਮਾਨਸਿਕ ਆਦਤਾਂ ਤੋਂ ਪੈਦਾ ਹੁੰਦੇ ਹਨ ਬੀਤੇ ਸਮੇਂ ਬਾਰੇ ਵੱਧ ਸੋਚਣਾ (ਪਛਤਾਵਾ, ਮਾੜੇ ਕਰਮ ਦਾ ਦੁੱਖ) ਅਤੇ ਭਵਿੱਖ ਬਾਰੇ ਚਿੰਤਾ ਕਰਨਾ (ਅਨਿਸ਼ਚਿਤਤਾ, ਡਰ)। ਧਿਆਨ ਇਸ ਚੱਕਰ ਨੂੰ ਤੋੜਦਾ ਹੈ ਕਿਉਂਕਿ ਇਹ ਧਿਆਨ ਨੂੰ ਵਰਤਮਾਨ ਵਿੱਚ ਟਿਕਾਉਂਦਾ ਹੈ।

ਨਿਯਮਿਤ ਅਭਿਆਸ ਨਾਲ ਇਹ ਸਰੀਰਕ ਤਣਾਅ ਦੀ ਪ੍ਰਤੀਕ੍ਰਿਆ (ਜਿਵੇਂ ਦਿਲ ਦੀ ਧੜਕਨ ਅਤੇ ਕੋਰਟੀਸੋਲ ਲੈਵਲ) ਘਟਾ ਸਕਦਾ ਹੈ ਅਤੇ ਭਾਵਨਾਤਮਕ ਸੰਤੁਲਨ ਨੂੰ ਸੁਧਾਰਦਾ ਹੈ। ਇਹ ਹੇਠਾਂ ਦਿੱਤੀਆਂ ਚੀਜ਼ਾਂ ਵਿੱਚ ਵੀ ਮਦਦ ਕਰਦਾ ਹੈ:

ਨਕਾਰਾਤਮਕ ਸੋਚ ਦੇ ਦੁਹਰਾਅ ਵਿੱਚ ਕਮੀ ਦੇ ਨਾਲ ਨਾਲ ਮਨ ਦੀ ਸ਼ਾਂਤੀ ਵਿੱਚ ਵਾਧਾ ਕਰਦਾ ਹੈ।

ਹਾਲਾਂਕਿ, ਧਿਆਨ ਕੋਈ ਜਾਦੂਈ ਇਲਾਜ ਨਹੀਂ ਹੈ। ਇਹ ਸਮੱਸਿਆਵਾਂ ਨੂੰ ਖਤਮ ਨਹੀਂ ਕਰਦਾ ਇਹ ਸਾਡੇ ਮਨ ਦੇ ਉਨ੍ਹਾਂ ਨਾਲ ਸੰਬੰਧ ਨੂੰ ਬਦਲਦਾ ਹੈ। ਲੋਕ ਤਣਾਅ ਦਾ ਸਾਹਮਣਾ ਤਾਂ ਕਰਦੇ ਹਨ, ਪਰ ਵਧੇਰੇ ਸਪੱਸ਼ਟਤਾ ਅਤੇ ਘੱਟ ਭਾਵਨਾਤਮਕ ਉਥਲ-ਪੁਥਲ ਨਾਲ।

ਧਿਆਨ ਦੀ ਵੱਧਦੀ ਮਹੱਤਤਾ ਕਿਉਂ?

ਆਧੁਨਿਕ ਜੀਵਨ ਦੇ ਦਬਾਅ ਇਸਦੀ ਵਧਦੀ ਪ੍ਰਸਿੱਧੀ ਦਾ ਮੁੱਖ ਕਾਰਨ ਹਨ:

ਜਾਣਕਾਰੀ ਦਾ ਬੋਝ

ਲਗਾਤਾਰ ਡਿਜ਼ਿਟਲ ਵਰਤੋਂ ਮਨ ਨੂੰ ਆਰਾਮ ਦਾ ਸਮਾਂ ਨਹੀਂ ਦਿੰਦੀ। ਧਿਆਨ ਇੱਕ ਠਹਿਰਾਅ ਪ੍ਰਦਾਨ ਕਰਦਾ ਹੈ।

ਭੌਤਿਕਵਾਦੀ ਜੀਵਨਸ਼ੈਲੀ

ਲੋਕ ਧਨ, ਦਰਜ਼ਾ ਅਤੇ ਵਸਤੂਆਂ ਦੇ ਪਿੱਛੇ ਦੌੜਦੇ ਹਨ, ਪਰ ਅੰਦਰੂਨੀ ਤੌਰ ‘ਤੇ ਅਸੰਤੁਸ਼ਟ ਰਹਿੰਦੇ ਹਨ। ਧਿਆਨ ਹੋਂਦ ‘ਤੇ ਧਿਆਨ ਕੇਂਦਰਿਤ ਕਰਦਾ ਹੈ।

ਮਾਨਸਿਕ ਸਿਹਤ ਜਾਗਰੂਕਤਾ

ਚਿੰਤਾ, ਡਰ, ਬੇਚੈਨੀ ਅਤੇ ਮਾਨਸਿਕ ਥਕਾਨ ਬਾਰੇ ਵੱਧਦੀ ਜਾਗਰੂਕਤਾ ਨੇ ਲੋਕਾਂ ਨੂੰ ਦਵਾਈਆਂ ਤੋਂ ਇਲਾਵਾ ਵਿਕਲਪ ਲੱਭਣ ਲਈ ਪ੍ਰੇਰਿਆ ਹੈ।

ਵਿਗਿਆਨਕ ਸਹਿਯੋਗ

ਮਨੋਵਿਗਿਆਨ ਅਤੇ ਨਿਊਰੋਸਾਇੰਸ ਵਿੱਚ ਹੋਈਆਂ ਖੋਜਾਂ ਦਿਖਾਉਂਦੀਆਂ ਹਨ ਕਿ ਧਿਆਨ ਇਕਾਗਰਤਾ ਅਤੇ ਭਾਵਨਾਤਮਕ ਨਿਯੰਤਰਣ ਨਾਲ ਸੰਬੰਧਿਤ ਦਿਮਾਗ ਦੇ ਹਿੱਸਿਆਂ ਨੂੰ ਬਦਲ ਸਕਦਾ ਹੈ।

ਕੀ ਸਕੂਲਾਂ ਵਿੱਚ ਧਿਆਨ ਪੜ੍ਹਾਇਆ ਜਾਣਾ ਚਾਹੀਦਾ ਹੈ?

ਇਸਨੂੰ ਸਕੂਲੀ ਪਾਠਕ੍ਰਮ ਵਿੱਚ ਸ਼ਾਮਲ ਕਰਨ ਲਈ ਮਜ਼ਬੂਤ ਦਲੀਲ ਹੈ।

ਅੱਜ ਦੇ ਬੱਚੇ ਅਕਾਦਮਿਕ ਦਬਾਅ, ਸੋਸ਼ਲ ਮੀਡੀਆ ਦੇ ਪ੍ਰਭਾਵ ਅਤੇ ਘੱਟ ਧਿਆਨ ਸਮਰੱਥਾ ਦਾ ਸਾਹਮਣਾ ਕਰ ਰਹੇ ਹਨ।

ਸ਼ੁਰੂਆਤੀ ਪੱਧਰ ‘ਤੇ ਧਿਆਨ ਸਿਖਾਉਣ ਨਾਲ ਧਿਆਨ ਅਤੇ ਯਾਦਸ਼ਕਤੀ ਵਿੱਚ ਸੁਧਾਰ ਅਤੇ ਭਾਵਨਾਤਮਕ ਬੁੱਧੀ ਵਿੱਚ ਵਾਧਾ ਹੁੰਦਾ ਹੈ। ਪ੍ਰੀਖਿਆ ਸੰਬੰਧੀ ਤਣਾਅ ਵਿੱਚ ਕਮੀ ਹੁੰਦੀ ਹੈ।

ਮਾਨਸਿਕ ਸਿਹਤ ਅਤੇ ਸਮਾਜਿਕ ਵਿਉਹਾਰ ਵਿੱਚ ਸੁਧਾਰ ਦੀ ਉਮੀਦ ਕੀਤੀ ਜਾ ਸਕਦੀ ਹੈ।

ਇਸਨੂੰ ਇੱਕ ਵੱਖਰੇ ਵਿਸ਼ੇ ਵਜੋਂ ਨਹੀਂ, ਸਗੋਂ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਇਆ ਜਾ ਸਕਦਾ ਹੈ ਜਿਵੇਂ ਛੋਟੀਆਂ ਸਾਹ ਲੈਣ ਦੀਆਂ ਕਸਰਤਾਂ ਜਾਂ ਮਨ ਨੂੰ ਸ਼ਾਂਤ ਕਰਨ ਦਾ ਅਭਿਆਸ।

ਧਿਆਨ ਅਭਿਆਸ ਕਰਨ ਦੇ ਸਧਾਰਣ ਤਰੀਕੇ

ਧਿਆਨ ਲਈ ਕਿਸੇ ਖਾਸ ਸਾਮੱਗਰੀ ਜਾਂ ਵੱਧ ਸਮੇਂ ਦੀ ਲੋੜ ਨਹੀਂ। ਇਹ ਰੋਜ਼ਾਨਾ ਜੀਵਨ ਵਿੱਚ ਅਸਾਨੀ ਨਾਲ ਅਪਣਾਇਆ ਜਾ ਸਕਦਾ ਹੈ।

ਸਾਹ ‘ਤੇ ਧਿਆਨ

ਸ਼ਾਂਤ ਬੈਠੋ ਅਤੇ ਆਪਣੇ ਸਾਹ ਨੂੰ ਮਹਿਸੂਸ ਕਰੋ।

ਸਰੀਰਕ ਕਾਰਜਾਂ ਵੱਲ ਧਿਆਨ

ਸਰੀਰ ਦੇ ਹਰੇਕ ਹਿੱਸੇ ‘ਤੇ ਧਿਆਨ ਦਿਓ।

ਹੌਲੀ ਹੌਲੀ ਖਾਣਾ ਖਾਓ

ਹੌਲੀ-ਹੌਲੀ ਖਾਓ ਅਤੇ ਸਵਾਦ ਨੂੰ ਮਹਿਸੂਸ ਕਰੋ।

ਨਿਰੀਖਣ ਅਭਿਆਸ

ਆਸ-ਪਾਸ ਦੇ ਵਾਤਾਵਰਣ ਨੂੰ ਬਿਨਾਂ ਨਿਰਣੇ ਦੇ ਵੇਖੋ।

ਵਿਚਾਰਾਂ ਦਾ ਅਵਲੋਕਨ

ਵਿਚਾਰਾਂ ਨੂੰ ਰੋਕਣ ਦੀ ਬਜਾਏ, ਉਨ੍ਹਾਂ ਨੂੰ ਆਉਂਦੇ-ਜਾਂਦੇ ਵੇਖੋ।

ਡਿਜ਼ੀਟਲ ਸੁਚੇਤਤਾ

ਸਕ੍ਰੀਨ ਸਮੇਂ ਨੂੰ ਸੀਮਿਤ ਕਰੋ।

ਹਕੀਕਤੀ ਨਜ਼ਰੀਆ ਜ਼ਰੂਰੀ ਹੈ

ਧਿਆਨ ਪ੍ਰਭਾਵਸ਼ਾਲੀ ਹੈ, ਪਰ ਇਸਨੂੰ ਲੋੜ ਤੋਂ ਵੱਧ ਤਵੋਂਜੋ ਨਹੀਂ ਦੇਣੀ ਚਾਹੀਦੀ।


ਇਹ ਹੋਰ ਸਿਹਤਮੰਦ ਆਦਤਾਂ ਜਿਵੇਂ ਕਸਰਤ, ਠੀਕ ਨੀਂਦ ਅਤੇ ਸਮਾਜਿਕ ਸੰਬੰਧਾਂ ਨਾਲ ਮਿਲਕੇ ਸਭ ਤੋਂ ਵਧੀਆ ਕੰਮ ਕਰਦਾ ਹੈ। ਗੰਭੀਰ ਮਾਨਸਿਕ ਸਮੱਸਿਆਵਾਂ ਲਈ ਮਨੋਵਿਗਿਆਨਕ ਇਲਾਜ਼ ਪ੍ਰਣਾਲੀ ਦੀ ਸਹਾਇਤਾ ਲਾਜ਼ਮੀ ਹੈ।

ਧਿਆਨ ਬਾਹਰੀ ਉਪਲੱਬਧੀਆਂ ਤੋਂ ਅੰਦਰੂਨੀ ਜਾਗਰੂਕਤਾ ਵੱਲ ਇੱਕ ਬਦਲਾਅ ਹੈ। ਇੱਕ ਅਜਿਹੇ ਸੰਸਾਰ ਵਿੱਚ ਜੋ ਸਾਨੂੰ ਹਮੇਸ਼ਾਂ ਬਾਹਰ ਵੱਲ ਖਿੱਚਦਾ ਹੈ, ਇਹ ਸਾਨੂੰ ਆਪਣੇ ਅੰਦਰ ਵਾਪਸ ਆਉਣ ਦੀ ਸਿਖਲਾਈ ਦਿੰਦੀ ਹੈ ਇੱਕ ਅਜਿਹੀ ਥਾਂ ‘ਤੇ ਜਿੱਥੇ ਸ਼ਾਂਤੀ, ਸਪੱਸ਼ਟਤਾ ਅਤੇ ਨਿਯੰਤਰਣ ਹੈ।

ਇਸਦੀ ਵੱਧਦੀ ਲੋਕਪ੍ਰਿਯਤਾ ਇੱਕ ਗਹਿਰੀ ਲੋੜ ਨੂੰ ਦਰਸਾਉਂਦੀ ਹੈ ਸਿਰਫ਼ ਤੇਜ਼ ਜੀਵਨ ਜੀਣ ਜਾਂ ਵੱਧ ਪ੍ਰਾਪਤ ਕਰਨ ਲਈ ਨਹੀਂ, ਸਗੋਂ ਹੋਰ ਸੁਚੇਤ ਅਤੇ ਅਰਥਪੂਰਨ ਜੀਵਨ ਜੀਣ ਲਈ।




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਇਨਸਾਨੀਅਤ ਸ਼ਰਮਸਾਰ ਹੋਈ

ਪੈਸੇ ਅਤੇ ਤਕਨਾਲੋਜੀ ਦੀ ਅੰਨ੍ਹੀ ਭੱਜ ਦੌੜ ਵਿੱਚ ਇਨਸਾਨੀਅਤ ਅਤੇ ਮਨੁੱਖਤਾ ਕਿਧਰੇ ਖੰਭ ਲਾ ਕੇ ਉੱਡ ਗਈ ਜਾਪਦੀ ਹੈ।ਨੈਤਿਕ ਕਦਰਾਂ ਕੀਮਤਾਂ,ਦਇਆ ਅਤੇ ਹਮਦਰਦੀ ਹੁਣ ਕੇਵਲ ਪਾਠ ਪੁਸਤਕਾਂ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ।

ਇਨਸਾਨ ਦੀ ਸੋਚ ਕਿੰਨੀ ਸੌੜੀ ਹੋ ਗਈ ਹੈ ਇਸਦਾ ਅੰਦਾਜ਼ਾ ਉਡੀਸਾ ਦੇ ਭੁਵਨੇਸ਼ਵਰ ਵਿੱਚ ਵਾਪਰੀ ਇੱਕ ਘਟਨਾ ਤੋਂ ਲਗਾਇਆ ਜਾ ਸਕਦਾ ਹੈ ਜਿਥੇ ਇੱਕ ਭਰਾ ਆਪਣੀ ਮਰੀ ਹੋਈ ਭੈਣ ਦੇ ਖਾਤੇ ਵਿੱਚ ਪਈ ਰਕਮ ਜੋ ਕਿ ਲੱਗਭਗ ਵੀਹ ਹਜ਼ਾਰ ਰੁਪਏ ਦੇ ਕਰੀਬ ਸੀ ਕਢਵਾਉਣਾ ਚਾਹੁੰਦਾ ਸੀ ਤਾਂ ਜ਼ੋ ਕੁੱਝ ਆਰਥਿਕ ਮਦਦ ਹੋ ਸਕੇ।ਬੈਂਕ ਵਾਲਿਆਂ ਨੇ ਉਸ ਤੋਂ ਸਬੂਤ ਮੰਗਿਆ,ਉਹ ਵਿਚਾਰਾ ਪ੍ਰੇਸ਼ਾਨ ਹੋ ਕੇ ਆਪਣੀ ਮਰੀ ਹੋਈ ਭੈਣ ਦਾ ਪਿੰਜਰ ਹੀ ਕਬਰ ਵਿੱਚੋਂ ਕੱਢ ਕਪੜੇ ਵਿੱਚ ਵਲ੍ਹੇਟ ਕੇ ਲੈ ਗਿਆ ਅਤੇ ਬੈਂਕ ਵਾਲਿਆਂ ਨੂੰ ਕਹਿੰਦਾ ਲਓ ਜੀ ਸਬੂਤ। ਕਿਸੇ ਦਾ ਇਹੋ ਜਿਹਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ ਜ਼ੋ ਕਿਸੇ ਮਰੇ ਹੋਏ ਵਿਅਕਤੀ ਦੀ ਮਿੱਟੀ ਪਲੀਤ ਕਰੇ। ਉਸ ਵਿਅਕਤੀ ਤੇ ਕੀ ਬੀਤੀ ਹੋਵੇਗੀ ਇਹ ਤਾਂ ਓਹੀ ਜਾਣਦਾ ਹੈ ਪਰੰਤੂ ਇਹ ਘਟਨਾ ਦੇਖ ਕੇ ਦਿਲ ਵਿੱਚ ਡੂੰਘੀ ਚੀਸ ਪੈਂਦੀ ਹੈ ਅਤੇ ਮਨ ਚਿੰਤਾ ਵਿੱਚ ਡੁੱਬ ਕੇ ਚਿੰਤਨ ਕਰਨ ਲਈ ਮਜ਼ਬੂਰ ਕਰਦਾ ਹੈ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ।ਮਸਲਾ ਤਾਂ ਦੋ ਰੋਟੀਆਂ ਦਾ ਹੈ। ਜ਼ਮੀਨ ਜਾਇਦਾਦ ਅਤੇ ਪੈਸਾ ਨਾ ਤਾਂ ਕੋਈ ਕਬਰ ਵਿੱਚ ਲਿਜਾਂਦਾ ਦੇਖਿਆ ਹੈ ਅਤੇ ਨਾ ਕੋਈ ਭਵਿੱਖ ਵਿੱਚ ਲੈ ਕੇ ਜਾਵੇਗਾ। ਅਸੀਂ ਤਰੱਕੀ ਅਤੇ ਸਮੇਂ ਦੇ ਹਾਣੀ ਜਿਨ੍ਹਾਂ ਮਰਜ਼ੀ ਬਣ ਜਾਈਏ ਪ੍ਰੰਤੂ ਮਨੁੱਖਤਾ ਨੂੰ ਜਿਉਂਦੇ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਮਨੁੱਖ ਅਤੇ ਜਿਉਂਦੇ ਹੋਣ ਦਾ ਪੱਕਾ ਸਬੂਤ ਹੈ।



ਸਾਂਝੀ ਸੋਚ
ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969

# ਪੰਜ-ਆਬ ਦੀ ਰਾਣੀ

ਮੇਰੀ ਮਾਂ ਪੰਜਾਬੀ ਬੋਲੀ,
ਪੰਜ-ਆਬ ਦੀ ਰਾਣੀ।
ਸ਼ਰਬਤ ਵਰਗੀ,ਮਾਖਿਓਂ ਮਿੱਠੀ,
ਇਸ ਦੀ ਅਜਬ ਕਹਾਣੀ।
ਗੁਰੂਆਂ ਪੀਰਾਂ ਮਾਣ ਬਖਸ਼ਿਆ,
ਉਚਾਰੀ ਵਿੱਚ ਗੁਰਬਾਣੀ।
ਵਾਰਸ,ਪੀਲੂ,ਸ਼ਾਹ ਹੁਸੈਨ ਜਿਹੇ,
ਬਣੇ ਸਮੇਂ ਦੇ ਹਾਣੀ।
ਸਾਰੀਆਂ ਰਾਣੀਆਂ ਬੋਲੀਆਂ ਦੀ ਹੈ,
ਇਹ ਬੋਲੀ ਪਟਰਾਣੀ।
ਸਭ ਨੂੰ ਸਮਝੇ ਇੱਕ ਬਰਾਬਰ,
ਉਚ ਨੀਚ ਨਹੀਂ ਜਾਣੀ।
ਧਰਮਾਂ ਵਿੱਚ ਮਨੁੱਖਤਾ ਵੰਡਦੀ,
ਸਭ ਨੇ ਰਮਜ਼ ਪਛਾਣੀ।
ਨਹੀ ਭੁੱਲਦੀ ਮੈਨੂੰ ਲੱਖ ਭੁਲਾਵਾਂ,
ਮੌਜ ਬੁੱਕਲ ਦੀ ਮਾਣੀ।
ਚਸ਼ਮੇ ਫੁੱਟਦੇ, ਝਰਨੇ ਡਿੱਗਦੇ,
ਵਗਦੇ ਮਿੱਠੇ ਪਾਣੀ।
ਇੱਕ ਇੱਕ ਸ਼ਬਦ ਬੜਾ ਕੀਮਤੀ,
ਜਿਉਂ ਰਤਨਾਂ ਦੀ ਖਾਣੀ।
'ਪੱਤੋ' ਨੂੰ ਵਰ ਮਿਲਿਆ,ਨਹੀਂ ਤਾਂ,
ਉਸ ਨੂੰ ਸਮਝ ਸੀ ਆਣੀ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682



ਸੁਆਦ ਜੋ ਦਿਲ ਜਿੱਤ ਲਵੇ !

# 'Sidhu Catering'

ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ

1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ

ਸ਼ੁੱਧ ਅਤੇ ਸੁਆਦੀ ਖਾਣਾ

ਟਿਫ਼ਨ ਸਰਵਿਸ ਉਪਲਬਧ ਹੈ

ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '

California ਵਿੱਚ ਕਿਤੇ ਵੀ ਪਾਓ Catering ਦੀ ਸੇਵਾ



'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !

ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ

ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY




Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260